## ਅਧਿਆਇ 1

# ਥੱਸਲੁਨੀਕੇ ਦੇ ਵਿਸ਼ਵਾਸੀਆਂ ਲਈ ਸ਼ੁਕਰਗੁਜ਼ਾਰੀ

## ਸਲਾਮ (1:1)

**[1]ਲਿਖਤੁਮ ਪੌਲੁਸ ਅਤੇ ਸਿਲਵਾਨੁਸ ਅਤੇ ਤਿਮੋਥਿਉਸ, ਅੱਗੇ ਜੋਗ ਥੱਸਲੁਨੀਕੀਆਂ ਦੀ ਕਲੀਸਿਯਾ ਨੂੰ ਜੋ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਵਿੱਚ ਹੈ। ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।**

**ਆਇਤ 1.** ਪਹਿਲੀ ਸਦੀ ਵਿੱਚ ਅਜਿਹੀਆਂ ਪੱਤਰੀਆਂ ਲਗਭਗ ਹਮੇਸ਼ਾ ਲਿਖਾਰੀ ਦੇ ਨਾਮ ਦੇ ਨਾਲ ਅਰੰਭ ਹੁੰਦੀਆਂ ਸਨ, ਜਿਸ ਤੋਂ ਬਾਅਦ ਉਨ੍ਹਾਂ ਵਿਅਕਤੀਆਂ ਦਾ ਅਹੁਦਾ ਲਿਖਿਆ ਜਾਂਦਾ ਸੀ, ਜਿਨ੍ਹਾਂ ਦੇ ਨਾਮ ਪੱਤਰ ਘੱਲਿਆ ਜਾਂਦਾ ਸੀ (ਉਦਾਹਰਣ ਲਈ, ਵੇਖੋ 1 ਕੁਰਿੰਥੀਆਂ 1:1, 2; ਗਲਾਤੀਆਂ 1:1, 2; 1 ਪਤਰਸ 1:1), ਜਿਸ ਦੇ ਨਾਲ ਸਲਾਮ ਜੋੜਿਆ ਜਾਂਦਾ ਸੀ।

ਲਿਖਾਰੀ ਰਸੂਲ **ਪੌਲੁਸ** ਹੈ, ਜਿਸ ਨੇ ਯਿਸੂ ਦੇ ਸਵਰਗ ਵਿੱਚ ਚਲੇ ਜਾਣ ਤੋਂ ਬਾਅਦ ਯਿਸੂ ’ਤੇ ਵਿਸ਼ਵਾਸ ਕੀਤਾ ਸੀ (ਰਸੂਲਾਂ ਦੇ ਕਰਤੱਬ 9; 1 ਕੁਰਿੰਥੀਆਂ 15:8) ਅਤੇ ਗੈਰਕੌਮਾਂ ਦਾ ਰਸੂਲ ਬਣਿਆ ਸੀ (ਰਸੂਲਾਂ ਦੇ ਕਰਤੱਬ 9:15)। ਕਿਉਂ ਜੋ ਥੱਸਲੁਨੀਕੇ ਵਿੱਚ ਉਸ ਦੇ ਰਸੂਲ ਹੋਣ ਦੇ ਇਖਤਿਆਰ ’ਤੇ ਕੋਈ ਸੰਦੇਹ ਨਹੀਂ ਸੀ, ਇਸ ਕਰਕੇ ਉਸ ਨੇ ਆਪਣੇ ਆਪ ਨੂੰ ਰਸੂਲ ਨਹੀਂ ਆਖਿਆ, ਉਵੇਂ ਹੀ ਜਿਵੇਂ ਉਸ ਨੇ ਹੋਰਨਾਂ ਪੱਤਰੀਆਂ ਵਿੱਚ ਕੀਤਾ ਸੀ (1 ਕੁਰਿੰਥੀਆਂ 1:1; 9:1)। ਹਾਲਾਂਕਿ ਇਹ ਪੌਲੁਸ ਦਾ ਪੱਤਰ ਹੈ (2:18), ਪਰ ਫਿਰ ਵੀ ਉਸ ਨੇ ਸਲਾਮ ਵਿੱਚ ਆਪਣੇ ਸਹਿਕਰਮੀਆਂ ਨੂੰ ਵੀ, ਸ਼ਾਇਦ ਸ਼ਿਸ਼ਟਾਚਾਰ ਦੇ ਲਿਹਾਜ਼ ਨਾਲ, ਸ਼ਾਮਲ ਕੀਤਾ।

**ਸਿਲਵਾਨੁਸ** (ਇੱਕ ਰੋਮੀ ਨਾਮ), ਜੋ ਕਿ ਦੂਜਾ ਵਿਅਕਤੀ ਹੈ, ਪੱਕੇ ਤੌਰ ’ਤੇ ਉਹੀ ਨਬੀ ਸੀਲਾਸ ਹੈ ਜਿਸ ਨੂੰ ਪੌਲੁਸ ਦੇ ਨਾਲ ਯਰੂਸ਼ਲਮ ਤੋਂ ਅੰਤਾਕਿਯਾ ਘੱਲਿਆ ਗਿਆ ਸੀ (ਰਸੂਲਾਂ ਦੇ ਕਰਤੱਬ 15:22, 32) ਅਤੇ ਉਹੀ ਵਿਅਕਤੀ ਹੈ ਜੋ ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ ’ਤੇ ਉਸ ਦੇ ਪ੍ਰਮੁੱਖ ਸਹਾਇਕ ਵਜੋਂ ਗਿਆ ਸੀ, ਜਿਸ ਦੇ ਦੌਰਾਨ ਥੱਸਲੁਨੀਕੇ ਦੀ ਕਲੀਸਿਯਾ ਦੀ ਸਥਾਪਨਾ ਹੋਈ ਸੀ (ਰਸੂਲਾਂ ਦੇ ਕਰਤੱਬ 15:40; 17:1–9)। ਇਸ ਤੋਂ ਬਾਅਦ ਉਸ ਦਾ ਜ਼ਿਕਰ ਕੇਵਲ ਇੱਕੋ ਵਾਰ ਕੀਤਾ ਗਿਆ ਹੈ, ਜਦੋਂ ਉਹ 60-65 ਈਸਵੀ ਦੇ ਦੌਰਾਨ 1 ਪਤਰਸ ਲਿਖੇ ਜਾਣ ਵੇਲੇ ਉਸ ਥਾਂ ’ਤੇ ਪਤਰਸ ਦੇ ਨਾਲ ਸੀ, ਜਿਸ ਨੂੰ ਉਸ ਨੇ

ਬਾਬੁਲ ਆਖਿਆ (1 ਪਤਰਸ 5:12)। ਸੰਭਵ ਹੈ ਕਿ ਥੱਸਲੁਨੀਕੀਆਂ ਦਾ ਪਹਿਲਾ ਪੱਤਰ ਲਿਖੇ ਜਾਣ ਵੇਲੇ ਉਹ ਪੌਲੁਸ ਦਾ ਲਿਖਾਰੀ ਰਿਹਾ ਹੋਵੇਗਾ; ਪਰ ਇਹ ਅਸੀਂ ਪੱਕੇ ਤੌਰ ’ਤੇ ਨਹੀਂ ਆਖ ਸਕਦੇ।

**ਤਿਮੋਥਿਉਸ**, ਤੀਜਾ ਵਿਅਕਤੀ, ਇੱਕ ਯੂਨਾਨੀ ਪਿਤਾ ਅਤੇ ਇਬਰੀ ਮਾਤਾ ਦਾ ਪੁੱਤਰ ਸੀ ਅਤੇ ਲੁਸਤ੍ਰਾ ਵਿੱਚ ਰਿਹਾ ਸੀ। ਜਵਾਨੀ ਵਿੱਚ ਉਸ ਦਾ ਸੁੰਨਤ ਕੀਤਾ ਗਿਆ ਸੀ ਅਤੇ ਪੌਲੁਸ ਨੇ ਉਸ ਨੂੰ ਆਪਣੇ ਸਹਿਕਰਮੀ ਵਜੋਂ ਲੈ ਲਿਆ ਸੀ (ਰਸੂਲਾਂ ਦੇ ਕਰਤੱਬ 16:1–3)। ਉਸ ਦੀ ਮਾਤਾ ਅਤੇ ਨਾਨੀ ਪੱਕੇ ਤੌਰ ’ਤੇ ਭਗਤ ਇਬਰਾਨੀ ਇਸਤਰੀਆਂ ਸਨ ਜੋ ਮਸੀਹ ਦੀਆਂ ਵਿਸ਼ਵਾਸਣਾਂ ਬਣ ਗਈਆਂ ਸਨ (2 ਤਿਮੋਥਿਉਸ 1:5; 3:4–15)। ਪੌਲੁਸ ਉਸ ਦਾ ਬਹੁਤ ਮਾਣ ਕਰਦਾ ਸੀ (ਫ਼ਿਲਿੱਪੀਆਂ 2:19, 20)।

ਪੌਲੁਸ ਨੇ ਥੱਸਲੁਨੀਕੇ **ਦੀ ਕਲੀਸਿਯਾ ਨੂੰ** ਲਿਖਿਆ ਸੀ। “ਕਲੀਸਿਯਾ” ਲਈ ਯੂਨਾਨੀ ਸ਼ਬਦ ἐκκλησία (*ਏਕਲੀਸਿਯਾ*), ਦਾ ਅਰਥ ਹੈ “ਇਕੱਠ।” ਪਵਿੱਤਰ ਸ਼ਾਸਤਰ ਪਰਮੇਸ਼ੁਰ ਦੇ ਲੋਕਾਂ ਦੇ ਸਮੂਹਕ ਇਕੱਠ (ਮੱਤੀ 16:18) ਬਾਰੇ ਗੱਲ ਕਰਨ ਦੇ ਨਾਲ-ਨਾਲ ਸਥਾਨਕ ਮੰਡਲੀਆਂ ਬਾਰੇ ਵੀ ਗੱਲ ਕਰਦਾ ਹੈ (1 ਕੁਰਿੰਥੀਆਂ 1:2)। ਗੈਰਮਸੀਹੀ ਇਕੱਠ ਲਈ ਵੀ ਇਸੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਕਿ ਰਸੂਲਾਂ ਦੇ ਕਰਤੱਬ 19:32 ਵਿਚਲੇ ਅਫ਼ਸੁਸ ਵਿੱਚ ਇਕੱਠੀ ਹੋਈ ਜਮਾਤ ਲਈ। ਸੰਦਰਭ ਵਿੱਚ ਇਸ ਦੇ ਨਾਲ ਲਿਖੇ ਗਏ ਸ਼ਬਦ ਹੀ ਸਪਸ਼ਟ ਕਰਦੇ ਹਨ ਕਿ ਇਹ ਜਮਾਤ ਜਾਂ ਇਕੱਠ ਕਿਹੋ ਜਿਹਾ ਸੀ। ਇਹ ਇਕੱਠ ਜਾਂ ਮੰਡਲੀ **ਥੱਸਲੁਨੀਕੀਆਂ** ਦੀ ਸੀ, ਜਿਸ ਦਾ ਅਰਥ ਹੈ ਕਿ ਇਹ ਥੱਸਲੁਨੀਕੇ ਦੇ ਸਥਾਨਕ ਲੋਕਾਂ ਦੀ ਸੀ। “ਥੱਸਲੁਨੀਕੀਆਂ ਦੀ ਕਲੀਸਿਯਾ” ਸ਼ਬਦਾਂ ਦੀ ਵਰਤੋਂ ਇੱਥੇ ਅਤੇ 2 ਥੱਸਲੁਨੀਕੀਆਂ 1:1 ਵਿੱਚ ਕੀਤੀ ਗਈ ਹੈ। ਆਮਤੌਰ ’ਤੇ ਪੌਲੁਸ ਕਿਸੇ ਖਾਸ ਸਥਾਨ ਦੀ ਕਲੀਸਿਯਾ ਨੂੰ ਜਾਂ ਉਸ “ਵਿੱਚ” ਜਾਂ “ਦੇ” ਸੰਤਾਂ ਨੂੰ ਸੰਬੋਧਤ ਕਰਦਾ ਸੀ। ਇੱਥੇ ਉਸ ਦਾ ਸੰਬੋਧਨ ਥੋੜਾ ਜਿਹਾ ਫਰਕ ਹੈ, ਜੋ ਲੋਕਾਂ ਦੇ ਇੱਕ ਸਮੂਹ ਨੂੰ ਕੀਤਾ ਗਿਆ ਹੈ ਜਿਹੜੇ ਇੱਕ ਖਾਸ ਸਥਾਨ ’ਤੇ ਰਹਿੰਦੇ ਹਨ। ਲਿਓਨ ਮੋਰਿਸ ਮੰਨਦੇ ਸਨ ਕਿ ਇਨ੍ਹਾਂ ਸ਼ਬਦਾਂ ਦੀ ਵਰਤੋਂ ਇਸ ਕਰਕੇ ਹੋਈ ਹੈ ਕਿਉਂਕਿ ਅਜੇ ਤੱਕ ਪੌਲੁਸ ਦੀ “ਆਪਣੀ ਇੱਕ ਖਾਸ ਸ਼ੈਲੀ ਨਹੀਂ ਬਣੀ ਸੀ,” ਕਿਉਂ ਜੋ ਇਹ ਦੋ ਪੱਤਰ ਉਸ ਵੱਲੋਂ ਲਿਖੇ ਗਏ ਸਭ ਤੋਂ ਪਹਿਲੇ ਪੱਤਰ ਹਨ।[1] ਪਰ ਫਿਰ ਵੀ ਇਸ ਤਰ੍ਹਾਂ ਪੌਲੁਸ ਦੀ ਲੇਖਨ ਸ਼ੈਲੀ ਵਿੱਚ ਵਿਕਾਸ ਹੋਣ ਨੂੰ ਇੱਕ ਵਾਜਬ ਧਾਰਨਾ ਨਹੀਂ ਮੰਨਿਆ ਜਾ ਸਕਦਾ।

ਇਸ ਤੋਂ ਇਲਾਵਾ ਉਨ੍ਹਾਂ ਦੀ ਮੰਡਲੀ ਥੱਸਲੁਨੀਕੇ ਦੇ ਸਭਨਾਂ ਵਸਨੀਕਾਂ ਨਾਲ ਮਿਲ ਕੇ ਨਹੀਂ ਬਣੀ ਸੀ, ਸਗੋਂ ਕੇਵਲ ਉਨ੍ਹਾਂ ਨਾਲ **ਜੋ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਵਿੱਚ** ਸਨ। ਪਾਪ ਦੇ ਕਾਰਨ ਸਾਰੀ ਮਨੁੱਖਜਾਤੀ ਪਰਮੇਸ਼ੁਰ ਤੋਂ ਜੁਦਾ ਹੈ (ਰੋਮੀਆਂ 3:10, 23), ਪਰ ਕੁਝ ਲੋਕਾਂ ਦਾ ਉਸ ਦੇ ਨਾਲ ਮਿਲਾਪ ਹੋ ਚੁੱਕਾ ਹੈ (2 ਕੁਰਿੰਥੀਆਂ 5:19) ਅਤੇ ਇਸ ਕਰਕੇ “ਪਰਮੇਸ਼ੁਰ ਵਿੱਚ” ਹਨ, ਜੋ ਆਤਮਕ ਭਾਵ ਨਾਲ ਉਨ੍ਹਾਂ ਦਾ ਪਿਤਾ ਬਣ ਚੁੱਕਾ ਹੈ (ਰੋਮੀਆਂ 8:14–16; ਗਲਾਤੀਆਂ 4:6, 7)। ਜਿਨ੍ਹਾਂ ਦਾ ਮਿਲਾਪ ਹੋ ਚੁੱਕਾ ਹੈ, ਉਨ੍ਹਾਂ ਦਾ “ਮਸੀਹ ਵਿੱਚ” ਬਪਤਿਸਮਾ ਹੋ ਚੁੱਕਾ ਹੈ (ਰੋਮੀਆਂ 6:3, 4; ਗਲਾਤੀਆਂ 3:26, 27)। ਇਸ ਕਰਕੇ ਜਿਹੜੇ ਥੱਸਲੁਨੀਕੀ ਲੋਕ ਪਰਮੇਸ਼ੁਰ ਅਤੇ ਮਸੀਹ ਵਿੱਚ ਸਨ, ਇਹ ਪੱਤਰ ਉਨ੍ਹਾਂ ਨੂੰ ਹੀ ਲਿਖਿਆ ਗਿਆ ਸੀ।

ਪੌਲੁਸ ਦੀ ਥੱਸਲੁਨੀਕੀਆਂ ਦੇ ਲਈ ਕਾਮਨਾ ਸੀ ਕਿ ਉਨ੍ਹਾਂ ਉੱਤੇ ਪਰਮੇਸ਼ੁਰ ਦਾ ਫ਼ਜ਼ਲ,

**ਕਿਰਪਾ** (χάρις, *ਖਾਰੀਸ*) ਹੁੰਦੀ ਰਹੇ। ਯੂਨਾਨੀ ਸਲਾਮਾਂ ਵਿੱਚ "ਕਿਰਪਾ" ਨੂੰ ਅਕਸਰ ਸ਼ਾਮਲ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ, ਪੌਲੁਸ ਨੇ **ਸ਼ਾਂਤੀ** (εἰρήνη, *ਆਈਰੀਨ*) ਦੀ ਵੀ ਕਾਮਨਾ ਕੀਤੀ। ਯੂਨਾਨੀ ਲੋਕਾਂ ਲਈ ਸ਼ਾਂਤੀ ਦਾ ਮੁੱਢਲਾ ਅਰਥ ਹੁੰਦਾ ਸੀ, ਯੁੱਧ ਨਾ ਹੋਣਾ। ਜਦਕਿ ਇਬਰਾਨੀ ਭਾਸ਼ਾ ਵਿੱਚ ਇਬਰਾਨੀ ਸ਼ਬਦ שָׁלוֹם (*ਸ਼ਾਲੋਮ*) ਹੈ, ਜਿਸ ਵਿੱਚ ਕਿਸੇ ਵਿਅਕਤੀ ਦੀ ਖੁਸ਼ਹਾਲੀ ਅਤੇ ਆਤਮਾ ਦੀ ਸੰਪੂਰਨਤਾ, ਸੰਪੂਰਨ ਤੰਦਰੁਸਤੀ ਦਾ ਭਾਵ ਸ਼ਾਮਲ ਹੁੰਦਾ ਸੀ। ਆਮ ਯਹੂਦੀ ਸਲਾਮ ਵਿੱਚ *ਸ਼ਾਲੋਮ* ਸ਼ਾਮਲ ਹੁੰਦਾ ਹੈ।

## ਥੱਸਲੁਨੀਕੀਆਂ ਦੇ ਲਈ ਧੰਨਵਾਦ (1:2-4)

**2ਅਸੀਂ ਆਪਣੀਆਂ ਪ੍ਰਾਰਥਨਾਂ ਵਿੱਚ ਤੁਹਾਡਾ ਜ਼ਿਕਰ ਕਰਦਿਆਂ ਤੁਸਾਂ ਸਭਨਾਂ ਦੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ। 3ਅਤੇ ਤੁਹਾਡੀ ਨਿਹਚਾ ਦਾ ਕੰਮ ਅਤੇ ਪ੍ਰੇਮ ਦੀ ਮਿਹਨਤ ਅਤੇ ਸਾਡੇ ਪ੍ਰਭੂ ਯਿਸੂ ਮਸੀਹ ਉੱਤੇ ਤੁਹਾਡੀ ਆਸਾ ਦੀ ਧੀਰਜ ਆਪਣੇ ਪਰਮੇਸ਼ੁਰ ਅਤੇ ਪਿਤਾ ਦੇ ਅੱਗੇ ਨਿੱਤ ਚੇਤੇ ਕਰਦੇ ਹਾਂ। 4ਹੇ ਭਰਾਵੋ, ਪਰਮੇਸ਼ੁਰ ਦੇ ਪਿਆਰਿਓ, ਅਸੀਂ ਜਾਣਦੇ ਹਾਂ ਭਈ ਤੁਸੀਂ ਚੁਣੇ ਹੋਏ ਹੋ।**

**ਆਇਤ 2.** ਪੌਲੁਸ ਨੇ **ਪਰਮੇਸ਼ੁਰ ਦਾ ਧੰਨਵਾਦ** ਕੀਤਾ, ਜਿਵੇਂ ਕਿ ਉਹ ਅਕਸਰ ਆਪਣੀਆਂ ਪੱਤਰੀਆਂ ਦਾ ਅਰੰਭ ਕਰਦਿਆਂ "ਧੰਨਵਾਦ ਕਰਦਾ ਹਾਂ" ਵਰਗੇ ਸ਼ਬਦਾਂ ਦੀ ਵਰਤੋਂ ਕਰਦਾ ਹੈ, ਜਿਸ ਦਾ ਯੂਨਾਨੀ ਸ਼ਬਦ εὐχαριστέω (*ਯੁਖਾਰਿਸਟੇਓ*) ਹੈ (ਵੇਖੋ 2 ਥੱਸਲੁਨੀਕੀਆਂ 1:3; 1 ਕੁਰਿੰਥੀਆਂ 1:4)। ਇਹ ਤਾਂ ਸਪਸ਼ਟ ਹੀ ਹੈ ਕਿ ਥੱਸਲੁਨੀਕੀ ਮਸੀਹੀਆਂ ਵਿੱਚ ਬਹੁਤ ਕੁਝ ਵਧੀਆ ਸੀ। ਉਹ ਪੌਲੁਸ ਲਈ ਉਤਸ਼ਾਹ ਦਾ ਇੱਕ ਕਾਰਨ ਰਹੇ ਸਨ (1:8–10)। ਪੌਲੁਸ ਨੇ ਆਖਿਆ ਕਿ ਉਹ **ਆਪਣੀਆਂ ਪ੍ਰਾਰਥਨਾਂ ਵਿੱਚ ਤੁਹਾਡਾ [ਉਨ੍ਹਾਂ ਦਾ] ਜ਼ਿਕਰ** ਹੈ। ਪੌਲੁਸ ਖਾਸਤੌਰ 'ਤੇ ਮੰਡਲੀਆਂ ਲਈ ਅਤੇ ਖਾਸਤੌਰ 'ਤੇ ਵਿਅਕਤੀਆਂ ਲਈ ਪ੍ਰਾਰਥਨਾ ਕਰਦਾ ਹੁੰਦਾ ਸੀ (2 ਤਿਮੋਥਿਉਸ 1:3)। ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਉਸ ਨੇ **ਹਮੇਸ਼ਾ** ਪਰਮੇਸ਼ੁਰ ਦਾ ਧੰਨਵਾਦ ਕੀਤਾ। ਉਸ ਨੇ ਸ਼ੁਕਰਗੁਜ਼ਾਰੀ ਦੇ ਨਾਲ ਨਿੱਤ ਪ੍ਰਾਰਥਨਾ ਕੀਤੀ (5:17, 18)।

**ਆਇਤ 3.** ਅਜਿਹਾ ਜਾਪਦਾ ਹੈ ਕਿ **ਨਿੱਤ ਚੇਤੇ ਕਰਦੇ ਹਾਂ** ਦਰਅਸਲ ਆਇਤ 2 ਦਾ ਹੀ ਜਾਰੀ ਹਿੱਸਾ ਹੈ। ਉਸ ਨੇ ਆਖਿਆ ਕਿ ਆਪਣੀਆਂ ਪ੍ਰਾਰਥਨਾਵਾਂ ਵਿੱਚ "ਪਰਮੇਸ਼ੁਰ ਦਾ ਧੰਨਵਾਦ" ਕਰਨ ਦੇ ਨਾਲ-ਨਾਲ ਉਹ ਅਤੇ ਉਸ ਦੇ ਸਾਥੀ ਥੱਸਲੁਨੀਕੀਆਂ ਦਿਆਂ ਜਤਨਾਂ ਨੂੰ "ਨਿੱਤ ਚੇਤੇ ਕਰਦੇ" ਸਨ। ਉਸ ਨੇ ਇਹ ਵੀ ਆਖਿਆ ਕਿ ਇਹ ਪ੍ਰਾਰਥਾਨਾਵਾਂ **ਪਰਮੇਸ਼ੁਰ ਅਤੇ ਪਿਤਾ** ਦੇ ਅੱਗੇ ਜਾਂਦੀਆਂ ਸਨ। ਇਸ ਦਾ ਅਰਥ ਹੈ ਕਿ ਉਨ੍ਹਾਂ ਨੂੰ ਪ੍ਰਾਰਥਨਾ ਦੇ ਰਾਹੀਂ ਪਰਮੇਸ਼ੁਰ ਦੇ ਸਿੰਘਾਸਣ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ। ਅਸੀਂ ਉਸ ਦੇ ਸਿੰਘਾਸਣ ਦੇ ਸਾਹਮਣੇ ਦਿਲੇਰੀ ਨਾਲ ਆ ਸਕਦੇ ਹਾਂ ਕਿਉਂਕਿ ਉਹ ਸਾਡਾ ਪਿਤਾ ਹੈ (ਇਬਰਾਨੀਆਂ 4:16)।

ਜਿਨ੍ਹਾਂ ਖਾਸ ਗੱਲਾਂ ਲਈ ਉਹ ਪਰਮੇਸ਼ੁਰ ਦਾ ਧੰਨਵਾਦ ਕਰਦੇ ਸਨ, ਉਹ ਥੱਸਲੁਨੀਕੀਆਂ ਦੇ **ਨਿਹਚਾ ਦਾ ਕੰਮ**, **ਪ੍ਰੇਮ ਦੀ ਮਿਹਨਤ ਅਤੇ . . . ਆਸਾ ਦੀ ਧੀਰਜ** ਸਨ।

ਨਿਹਚਾ, ਆਸਾ ਅਤੇ ਪ੍ਰੇਮ ਦੀਆਂ ਤਿੰਨ ਮਸੀਹੀ ਕਿਰਪਾਵਾਂ ਹੋਰ ਥਾਂਵਾਂ 'ਤੇ ਵੀ ਕਈ

ਵਾਰੀ ਲਿਖੀਆਂ ਗਈਆਂ ਹਨ (5:8; 1 ਕੁਰਿੰਥੀਆਂ 13:13; ਕੁਲੁੱਸੀਆਂ 1:3–5; 1 ਪਤਰਸ 1:21, 22)। ਇਨ੍ਹਾਂ ਉੱਤੇ ਦਿੱਤਾ ਗਿਆ ਜ਼ੋਰ ਦਰਸਾਉਂਦਾ ਹੈ ਕਿ ਇਹ ਤਿੰਨੇ ਮਸੀਹੀ ਜੀਵਨ ਵਿੱਚ ਜੋ ਕੁਝ ਉਤਪੰਨ ਕਰਦੇ ਹਨ (ਸਿਖਾਉਂਦੇ ਹਨ ਜਾਂ ਪ੍ਰੇਰਨਾ ਦਿੰਦੇ ਹਨ), ਉਸ ਸਦਕਾ ਇਹ ਵਿਸ਼ੇਸ ਤੌਰ 'ਤੇ ਮਹੱਤਵਪੂਰਣ ਗੁਣ ਹਨ। ਸੱਚੀ ਨਿਹਚਾ ਕੰਮ ਉਤਪੰਨ ਕਰਦੀ ਹੈ (ਯਾਕੂਬ 2:14–17; ਇਬਰਾਨੀਆਂ 11); ਪ੍ਰੇਮ, ਜੋ ਯੂਨਾਨੀ ਦੇ ἀγάπη (*ਅਗਾਪੇ*) ਸ਼ਬਦ ਤੋਂ ਹੈ, ਮਿਹਨਤ ਜਾਂ "ਕਠਨ ਮੁਸ਼ੱਕਤ" ਕਰਨਾ ਸਿਖਾਉਂਦਾ ਹੈ; ਆਸਾ ਡਟੇ ਰਹਿਣਾ (ਬਰਦਾਸ਼ਤ ਕਰਨਾ ਜਾਂ ਧੀਰਜ ਕਰਨਾ) ਸਿਖਾਉਂਦੀ ਹੈ, ਜਿਸ ਦਾ ਭਾਵ ਇਹ ਹੈ ਕਿ ਉਨ੍ਹਾਂ ਉੱਤੇ ਪੈਣ ਵਾਲੇ ਸਤਾਓ ਅਤੇ ਵੈਰੀ ਹੋਣ ਦੇ ਬਾਵਜੂਦ ਉਹ ਡਟੇ ਰਹੇ। ਸਦੀਪਕ ਮਹਿਮਾ ਵਿੱਚ ਸ਼ਾਮਲ ਹੋਣ ਦੀ ਆਸਾ ਦੇ ਕਾਰਨ ਉਹ ਅਗਾਂਹ ਵਧਦੇ ਰਹੇ (ਰੋਮੀਆਂ 8:18–25; 15:4), ਜੋ ਆਸਾ **ਸਾਡੇ ਪ੍ਰਭੂ ਯਿਸੂ ਮਸੀਹ ਵਿੱਚ ਹੈ।**

ਐਥਲਬਰਟ ਸਟੋਫਰ ਨੇ *ਅਗਾਪੇ* ਬਾਰੇ ਆਪਣੀ ਚਰਚਾ ਵਿੱਚ ਆਖਿਆ ਕਿ ਯਿਸੂ ਨੇ ਆਪਣੀ ਮੌਤ ਅਤੇ ਪੁਨਰਉੱਥਾਨ ਦੇ ਰਾਹੀਂ ਇੱਕ ਨਵੀਂ ਹਕੀਕਤ ਨੂੰ ਤਿਆਰ ਕੀਤਾ ਜਿਸ ਨੂੰ *ਅਗਾਪੇ* ਸ਼ਬਦ ਦੇ ਦੁਆਰਾ ਬਿਆਨ ਕੀਤਾ ਜਾਂਦਾ ਹੈ।[2] ਇਸ ਗੱਲ ਨਾਲ ਸਹਿਮਤ ਹੁੰਦਿਆਂ ਮੋਰਿਸ ਨੇ ਆਖਿਆ,

> ਇਸ ਨੂੰ ਸਾਰੇ ਨਵੇਂ ਨੇਮ ਵਿੱਚ ਵੇਖਿਆ ਜਾ ਸਕਦਾ ਹੈ। ਨਾ ਕੇਵਲ ਉਨ੍ਹਾਂ ਨੂੰ ਇੱਕ ਨਵਾਂ ਸ਼ਬਦ ਮਿਲਿਆ ਸੀ, ਸਗੋਂ ਇੱਕ ਨਵੀਂ ਧਾਰਨਾ ਵੀ ਮਿਲੀ ਸੀ, ਕਿਉਂਕਿ, ਜਿਵੇਂ ਯੂਹੰਨਾ ਆਖਦਾ ਹੈ ਕਿ ਅਸੀਂ ਕਿਸੇ ਵੀ ਮਨੁੱਖੀ ਗਤੀਵਿਧੀ ਦੇ ਰਾਹੀਂ *ਅਗਾਪੇ* ਨੂੰ ਨਹੀਂ ਸਮਝ ਸਕਦੇ, ਇੱਥੋਂ ਤੱਕ ਕਿ ਪਰਮੇਸ਼ੁਰ ਨੂੰ ਪ੍ਰੇਮ ਕਰਨ ਦੇ ਰਾਹੀਂ ਵੀ ਨਹੀਂ। ਇਸ ਨੂੰ ਕੇਵਲ ਸਲੀਬ ਉੱਤੇ ਸੰਪੂਰਨ ਕੀਤੇ ਗਏ ਅਤੇ ਪਰਾਸਚਿੱਤ ਦੁਆਰਾ ਪਰਗਟ ਕੀਤੇ ਗਏ ਸਾਡੇ ਪ੍ਰਤੀ ਪਰਮੇਸ਼ੁਰ ਦੇ ਪ੍ਰੇਮ ਦੇ ਰਾਹੀਂ ਹੀ ਜਾਣਿਆ ਜਾ ਸਕਦਾ ਹੈ (1 ਯੂਹੰਨਾ 4:10)।[3]

ਪਰਮੇਸ਼ੁਰ ਦਾ ਇਹ ਮਹਾਨ ਕੰਮ ਹੀ ਉਹ ਪਰਮਾਣ ਹੈ ਜੋ ਨਵੇਂ ਨੇਮ ਵਿੱਚ *ਅਗਾਪੇ* ਨੂੰ ਇਸ ਦਾ ਅਰਥ ਦਿੰਦਾ ਹੈ। ਸੱਚੇ *ਅਗਾਪੇ* ਨੂੰ ਵੇਖਣ ਤੋਂ ਬਾਅਦ ਹੀ ਅਸੀਂ ਇਸ ਨੂੰ *ਅਗਾਪੇ* ਲਈ ਕੀਤੀ ਜਾਣ ਵਾਲੀ ਆਪਣੀ ਮਿਹਨਤ ਵਿੱਚ ਲਾਗੂ ਕਰ ਸਕਦੇ ਹਾਂ। ਏ. ਟੀ. ਰੋਬਰਟਸਨ ਨੇ ਠੀਕ ਹੀ ਆਖਿਆ ਹੈ ਕਿ *ਅਗਾਪੇ* "ਸਭ ਤੋਂ ਉੱਚ ਕੋਟਿ ਦਾ ਪ੍ਰੇਮ ਹੈ।"[4] ਧਿਆਨ ਦਵੋ ਕਿ ਆਇਤ 4 ਵਿੱਚ ਮਸੀਹੀਆਂ ਨੂੰ "ਪਰਮੇਸ਼ੁਰ ਦੇ ਪਿਆਰਿਓ [*ਅਗਾਪਾਓ*, ਇਸ ਸ਼ਬਦ ਦਾ ਕਿਰਿਆ ਰੂਪ]" ਆਖਿਆ ਗਿਆ ਹੈ।

**ਆਇਤ 4. ਭਰਾਵੋ** (ἀδελφός, *ਅਡੇਲਫੋਸ*) ਇੱਕ ਪ੍ਰੇਮ ਭਰਿਆ ਸ਼ਬਦ ਹੈ, ਜਿਸ ਦੀ ਵਰਤੋਂ ਪੌਲੁਸ ਨੇ ਇਸ ਪੱਤਰ ਵਿੱਚ ਬਾਰ-ਬਾਰ ਕੀਤੀ ਹੈ (2:1; 3:2; 4:6; 4:10)। ਕੇਵਲ ਥੱਸਲੁਨੀਕੀਆਂ ਦੇ ਪੱਤਰ ਵਿੱਚ ਇਹ ਪੱਚੀ ਵਾਰੀ ਆਇਆ ਹੈ। ਸਾਰੇ ਮਨੁੱਖ **ਪਰਮੇਸ਼ੁਰ ਦੇ ਪਿਆਰੇ** (ἠγαπημένοι ὑπὸ [τοῦ] θεοῦ, *ਗਾਪੇਮੇਨੋਏ ਹੁਪੋ [ਟੋ] ਥਿਓ*) ਹਨ (ਵੇਖੋ ਯੂਹੰਨਾ 3:16), ਪਰ ਕੇਵਲ ਮਸੀਹੀਆਂ ਨੇ ਹੀ ਪਰਮੇਸ਼ੁਰ ਦੇ ਪ੍ਰੇਮ ਦੀ ਪਹਿਲ ਨੂੰ ਸਵੀਕਾਰ ਕੀਤਾ ਹੈ। ਇਸ ਕਰਕੇ, ਮਸੀਹੀ, ਵਿਸ਼ੇਸ਼ ਤੌਰ 'ਤੇ "ਪਰਮੇਸ਼ੁਰ ਦੇ ਪਿਆਰੇ" ਹਨ, ਜਿਸ ਕਰਕੇ ਮਸੀਹ ਦੇ ਰਾਹੀਂ ਉਨ੍ਹਾਂ ਦਾ ਮਿਲਾਪ ਪਰਮੇਸ਼ੁਰ ਦੇ ਨਾਲ ਹੋ ਗਿਆ ਹੈ (2 ਕੁਰਿੰਥੀਆਂ 5:19)। ਯਹੂਦਾਹ 21 ਦਰਸਾਉਂਦਾ ਹੈ ਕਿ ਜਿਹੜੇ ਲੋਕ ਪਰਮੇਸ਼ੁਰ ਦੀ ਆਗਿਆਕਾਰੀ ਕਰਦੇ ਹਨ, ਉਹ ਇੱਕ ਵਿਸ਼ੇਸ਼ ਰੀਤੀ ਨਾਲ ਪਰਮੇਸ਼ੁਰ ਦੇ

ਪ੍ਰੇਮ ਵਿੱਚ ਹਨ। ਪਰਮੇਸ਼ੁਰ ਦੇ ਨਾਲ ਇਸ ਵਿਸ਼ੇਸ਼ ਸੰਬੰਧ ਵਿੱਚ, ਮਸੀਹੀ ਲੋਕ ਪਰਮੇਸ਼ੁਰ ਵੱਲੋਂ ਚੁਣੇ ਗਏ ਹਨ। ਪੌਲੁਸ **ਤੁਸੀਂ ਚੁਣੇ ਹੋਏ ਹੋ** ("ਤੁਹਾਡੀ ਚੋਣ ਹੋਈ ਹੈ"; KJV) ਲਿਖਦਿਆਂ ਇਸੇ ਚੋਣ ਵੱਲ ਇਸ਼ਾਰਾ ਕਰ ਰਿਹਾ ਸੀ।

ਇਹ ਮੰਡਲੀ ਮੁੱਖ ਤੌਰ 'ਤੇ ਗੈਰਯਹੂਦੀਆਂ ਦੀ ਸੀ, ਫਿਰ ਵੀ ਪੌਲੁਸ ਉਨ੍ਹਾਂ ਨੂੰ ਭਰੋਸਾ ਦਿਲਾਉਂਦਾ ਹੈ ਕਿ ਹੁਣ ਉਹ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਦਾ ਹਿੱਸਾ ਹਨ, ਠੀਕ ਉਵੇਂ ਹੀ ਜਿਵੇਂ ਪੁਰਾਣੇ ਨੇਮ ਵਿੱਚ ਯਹੂਦੀ ਲੋਕ ਸਨ। ਪਰਮੇਸ਼ੁਰ ਦੁਆਰਾ ਚੁਣੇ ਜਾਣਾ ਮੁੱਢਲੇ ਤੌਰ 'ਤੇ ਸਾਡੇ ਪ੍ਰਤੀ ਪਰਮੇਸ਼ੁਰ ਦੇ ਪ੍ਰੇਮ ਅਤੇ ਚਿੰਤਾ 'ਤੇ ਨਿਰਭਰ ਕਰਦਾ ਹੈ। ਜੇਕਰ ਉਹ ਪਹਿਲ ਨਾ ਕਰਦਾ ਤਾਂ, ਮੇਲ ਸੰਭਵ ਹੀ ਨਹੀਂ ਸੀ (ਯਸਾਯਾਹ 64:6); ਪਰ ਚੁਣੇ ਹੋਏ ਲੋਕਾਂ ਦਾ ਹਿੱਸਾ ਬਣਨ ਲਈ ਮਨੁੱਖਾਂ ਨੂੰ ਕੁਝ ਸ਼ਰਤਾਂ ਦੀ ਪਾਲਣਾ ਕਰਨੀ ਪੈਂਦੀ ਹੈ।

ਦਰਅਸਲ, 2 ਥੱਸਲੁਨੀਕੀਆਂ 2:13 ਇਸ ਨੂੰ ਸਪਸ਼ਟ ਕਰ ਦਿੰਦਾ ਹੈ ਕਿ ਕਿਸੇ ਵੀ ਵਿਅਕਤੀ ਦੀ ਚੋਣ "ਪਵਿੱਤਰ ਹੋਣ ਨਾਲ ਅਤੇ ਸੱਚ ਨੂੰ ਮੰਨਣ ਨਾਲ" ਹੀ ਹੋ ਸਕਦੀ ਹੈ। ਜਿਨ੍ਹਾਂ ਲੋਕਾਂ ਦੇ ਜੀਵਨ ਵਿੱਚ ਪਰਮੇਸ਼ੁਰ ਦੇ ਆਤਮਾ ਦਾ ਕੰਮ ਨਹੀਂ ਹੋਇਆ ਹੈ ਅਤੇ ਜਿਹੜੇ ਲੋਕ ਵਿਸ਼ਵਾਸ ਨਹੀਂ ਕਰਦੇ ਹਨ (ਜਿਸ ਵਿੱਚ ਆਗਿਆਕਾਰੀ ਸ਼ਾਮਲ ਹੈ), ਉਹ ਬਚਾਏ ਨਹੀਂ ਜਾ ਸਕਦੇ। ਇਸ ਵਿੱਚ ਕੋਈ ਸ਼ੰਕਾ ਨਹੀਂ ਹੈ ਕਿ ਇਸ ਵਿਸ਼ਵਾਸ ਜਾਂ ਧਾਰਨਾ ਵਿੱਚ ਲਗਾਤਾਰ ਬਣੇ ਰਹਿਣ ਵਾਲੀ ਪਰਤੀਤ (ਜਾਂ ਆਗਿਆਕਾਰੀ) ਸ਼ਾਮਲ ਹੈ, ਜਿਵੇਂ ਕਿ 2 ਪਤਰਸ 1:5–11 ਵਿੱਚ ਵੇਖਿਆ ਜਾ ਸਕਦਾ ਹੈ, ਜਿੱਥੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਜੇਕਰ ਅਸੀਂ ਆਪਣੇ ਚੁਣੇ ਜਾਣ ਨੂੰ ਪੱਕਿਆਂ ਕਰਨਾ ਚਾਹੁੰਦੇ ਹਾਂ (ਆਇਤ 10), ਤਾਂ ਸਾਨੂੰ ਆਪਣੇ ਜੀਵਨਾਂ ਵਿੱਚ ਗਿਆਨ ਅਤੇ ਸੰਜਮ ਜਿਹੇ ਗੁਣਾਂ ਨੂੰ ਸ਼ਾਮਲ ਕਰਨਾ ਪਵੇਗਾ। ਇੱਥੋਂ ਤੱਕ ਕਿ ਇਸ ਪੱਤਰ ਵਿੱਚ ਵੀ ਇਹ ਪਰਗਟ ਹੈ ਕਿ ਥੱਸਲੁਨੀਕੀ ਲੋਕ ਇਸ ਤਰ੍ਹਾਂ ਨਹੀਂ ਬਚਾਏ ਗਏ ਸਨ ਕਿ ਦੁਬਾਰਾ ਕਦੇ ਸੱਚਾਈ ਤੋਂ ਬੇਮੁਖ ਹੋ ਹੀ ਨਹੀਂ ਸਕਦੇ ਸਨ (3:5; 4:6; 5:6–9)। ਸਭ ਤੋਂ ਪਹਿਲਾਂ ਇਹ ਸਿੱਟਾ ਸਾਡੇ ਸਾਹਮਣੇ ਹੋਣਾ ਚਾਹੀਦਾ ਹੈ ਕਿ ਪਰਮੇਸ਼ੁਰ ਨੇ ਇੱਕ ਸਮੂਹ ਨੂੰ ਮੁਕਤੀ ਦੇ ਲਈ (ਜਿਹੜੇ ਲੋਕ ਵਿਸ਼ਵਾਸ ਅਤੇ ਆਗਿਆਕਾਰੀ ਕਰਦੇ ਹਨ) ਅਤੇ ਦੂਜੇ ਸਮੂਹ ਨੂੰ ਵਿਨਾਸ਼ ਦੇ ਲਈ (ਜਿਹੜੇ ਲੋਕ ਵਿਸ਼ਵਾਸ ਅਤੇ ਆਗਿਆਕਾਰੀ ਨਹੀਂ ਕਰਦੇ) ਚੁਣਿਆ ਹੈ। ਅਸੀਂ ਆਪ ਨਿਰਧਾਰਿਤ ਕਰਦੇ ਹਾਂ ਕਿ ਅਸੀਂ ਕਿਸ ਸਮੂਹ ਵਿੱਚ ਹੋਵਾਂਗੇ।

ਪਹਿਲੇ ਸਮੂਹ ਵਿੱਚ ਸ਼ਾਮਲ ਹੋਣ ਲਈ, ਜ਼ਰੂਰੀ ਹੈ ਕਿ ਹਰੇਕ ਵਿਅਕਤੀ ਖੁਸ਼ਖਬਰੀ ਦੀ ਆਗਿਆਕਾਰੀ ਕਰਨ ਅਤੇ ਆਪਣੀ ਨਿਹਚਾ ਨਾਲ ਨੇਕੀ ਅਤੇ ਨੇਕੀ ਨਾਲ ਗਿਆਨ ਅਤੇ ਬਾਕੀ ਦਿਆਂ ਗੁਣਾਂ ਨੂੰ ਵਧਾਏ ਜਾਣ ਦੇ ਜ਼ਰੀਏ ਪਰਮੇਸ਼ੁਰ ਦੇ ਰਾਹ 'ਤੇ ਬਣੇ ਰਹਿਣ ਦੇ ਦੁਆਰਾ ਅਰੰਭ ਕਰੇ। ਇਸ ਵਿਚਾਰ ਦੀ ਤੁਲਨਾ ਕੁਲੁੱਸੀਆਂ 3:12–17 ਦੇ ਨਾਲ ਕਰੋ, ਜੋ ਇਹ ਬੜੀ ਚੰਗੀ ਤਰ੍ਹਾਂ ਦਰਸਾਉਂਦਾ ਹੈ ਕਿ ਪਰਮੇਸ਼ੁਰ ਦੇ ਚੁਣੇ ਹੋਇਆਂ ਨੂੰ ਕਿਵੇਂ ਜੀਉਣਾ ਅਤੇ ਕਿਵੇਂ ਕੰਮ ਕਰਨਾ ਚਾਹੀਦਾ ਹੈ। ਇਹ ਵੀ ਧਿਆਨ ਦਵੋ ਕਿ ਪੌਲੁਸ ਨੇ ਇਹ ਆਖਿਆ ਭਈ ਉਹ ਜਾਣਦਾ ਸੀ ਪਰਮੇਸ਼ੁਰ ਨੇ ਉਨ੍ਹਾਂ ਨੂੰ ਚੁਣਿਆ ਹੈ। ਉਸ ਨੂੰ ਉਨ੍ਹਾਂ ਦੀ ਮਨਬਦਲੀ 'ਤੇ ਜਾਂ ਇਸ ਦੇ ਨਤੀਜੇ ਵਜੋਂ ਪਰਮੇਸ਼ੁਰ ਦੁਆਰਾ ਉਨ੍ਹਾਂ ਨੂੰ ਚੁਣੇ ਜਾਣ 'ਤੇ ਕੋਈ ਸੰਦੇਹ ਨਹੀਂ ਸੀ। ਰਸੂਲ ਪੌਲੁਸ ਦੇ ਮੂੰਹੋਂ ਇਹ ਸੁਣ ਕੇ, ਕਿ ਉਹ ਪਰਮੇਸ਼ੁਰ ਦੇ ਚੁਣੇ ਹੋਏ ਹਨ, ਇਨ੍ਹਾਂ ਨਵੇਂ ਮਸੀਹੀਆਂ ਨੂੰ ਜ਼ਰੂਰ ਦ੍ਰਿੜ੍ਹਤਾ ਮਿਲੀ ਹੋਵੇਗੀ।

## ਥੱਸਲੁਨੀਕੀਆਂ ਦੇ ਚੁਣੇ ਜਾਣ ਦੀ ਨਿਸ਼ਚਿਤਤਾ (1:5-7)

**[5]ਇਸ ਲਈ ਜੋ ਸਾਡੀ ਖੁਸ਼ ਖਬਰੀ ਨਿਰੀਆਂ ਗੱਲਾਂ ਹੀ ਗੱਲਾਂ ਨਹੀਂ ਸੀ ਸਗੋਂ ਸਮਰੱਥਾ
ਨਾਲ ਅਤੇ ਪਵਿੱਤਰ ਆਤਮਾ ਅਤੇ ਪੂਰੇ ਯਕੀਨ ਨਾਲ ਭੀ ਤੁਹਾਡੇ ਕੋਲ ਪਹੁੰਚੀ ਜਿਵੇਂ
ਤੁਸੀਂ ਜਾਣਦੇ ਹੋ ਜੋ ਤੁਹਾਡੇ ਨਮਿੱਤ ਤੁਸਾਂ ਨਾਲ ਸਾਡਾ ਕਿਹੋ ਜਿਹਾ ਵਰਤਾਰਾ ਸੀ। [6]ਅਤੇ
ਤੁਸੀਂ ਉਸ ਬਚਨ ਨੂੰ ਵੱਡੀ ਬਿਪਤਾ ਵਿੱਚ ਪਵਿੱਤਰ ਆਤਮਾ ਦੇ ਅਨੰਦ ਨਾਲ ਕਬੂਲ
ਕਰ ਕੇ ਸਾਡੀ ਅਤੇ ਪ੍ਰਭੂ ਦੀ ਰੀਸ ਕਰਨ ਲੱਗ ਪਏ ਸਾਓ। [7]ਐਥੋਂ ਤੀਕ ਜੋ ਤੁਸੀਂ ਉਨ੍ਹਾਂ
ਸਭਨਾਂ ਨਿਹਚਾਵਾਨਾਂ ਲਈ ਜਿਹੜੇ ਮਕਦੂਨਿਯਾ ਅਤੇ ਅਖਾਯਾ ਵਿੱਚ ਹਨ ਨਮੂਨਾ ਬਣੇ।**

**ਆਇਤ 5. ਖੁਸ਼ ਖਬਰੀ** ਦਾ ਅਰਥ ਹੈ "ਚੰਗੀ ਖ਼ਬਰ।" ਇਸ ਮਾਮਲੇ ਵਿੱਚ ਚੰਗੀ ਖ਼ਬਰ ਇਹ ਹੈ ਕਿ ਮਸੀਹ ਦੇ ਰਾਹੀਂ ਸਾਡੇ ਪਾਪਾਂ ਤੋਂ ਬਚਿਆ ਜਾ ਸਕਦਾ ਹੈ। ਇਸ ਤਰ੍ਹਾਂ, ਸਭ ਤੋਂ ਪਹਿਲਾਂ, ਚੰਗੀ ਖ਼ਬਰ ਪਰਮੇਸ਼ੁਰ ਦੀ ਹੈ (2:8, 9), ਪਰ ਇਹ ਪੌਲੁਸ ਅਤੇ ਤਿਮੋਥਿਉਸ ਦੀ ਵੀ ਹੈ, ਕਹਿਣ ਦਾ ਭਾਵ ਹੈ ਕਿ ਇਨ੍ਹਾਂ ਭਰਾਵਾਂ ਨੇ ਇਸ ਨੂੰ ਸਵੀਕਾਰ ਕੀਤਾ ਸੀ, ਇਸ ਦੀ ਪਾਲਣਾ ਕੀਤੀ ਸੀ, ਇਸ ਨੂੰ ਲਾਗੂ ਕੀਤਾ ਸੀ ਅਤੇ ਇਸ ਦਾ ਪ੍ਰਚਾਰ ਕੀਤਾ ਸੀ। ਖੁਸ਼ਖਬਰੀ ਉਨ੍ਹਾਂ ਦੇ ਜੀਵਨ ਦਾ ਅੰਗ ਬਣ ਗਈ ਸੀ। ਇਸ ਦੇ ਮੁੱਢਲੇ ਤੱਤ (1 ਕੁਰਿੰਥੀਆਂ 15:1–11) ਉਨ੍ਹਾਂ ਵਰਗੇ ਹੀ ਸਨ, ਜਿਹੜੇ ਹੋਰ ਸੱਚੇ ਪ੍ਰਚਾਰਕਾਂ ਵੱਲੋਂ ਵੀ ਪ੍ਰਚਾਰ ਕੀਤੇ ਗਏ ਸਨ (ਰਸੂਲਾਂ ਦੇ ਕਰਤੱਬ 2:22–36 ਨਾਲ ਤੁਲਨਾ ਕਰੋ)। ਇਹ ਤਾਂ ਸਪਸ਼ਟ ਹੀ ਹੈ ਕਿ ਇਹ ਤੱਤ **ਨਿਰੀਆਂ ਗੱਲਾਂ** ਵਿੱਚ ਹੀ ਨਹੀਂ ਦੱਸੇ ਗਏ ਸਨ; ਪਰ ਜਦੋਂ ਇਹ ਤੱਤ ਪੇਸ਼ ਕੀਤੇ ਗਏ ਸਨ ਤਾਂ ਉਨ੍ਹਾਂ ਦੇ ਨਾਲ ਸਮਰੱਥਾ ਵੀ ਆਈ ਸੀ (ਰਸੂਲਾਂ ਦੇ ਕਰਤੱਬ 17:1–9), ਇੱਥੋਂ ਤੱਕ ਕਿ "ਭਗਤ ਯੂਨਾਨੀਆਂ ਵਿੱਚੋਂ ਬਾਹਲੇ ਲੋਕ" ਉਨ੍ਹਾਂ ਦੇ ਨਾਲ ਰਲ ਗਏ ਸਨ। **ਸਮਰੱਥਾ ਨਾਲ** ਸ਼ਬਦ ਯੂਨਾਨੀ ਦੇ δύναμις (*ਡੁਨਾਮਿਸ*) ਤੋਂ ਅਨੁਵਾਦ ਕੀਤੇ ਗਏ ਹਨ ਅਤੇ ਇਨ੍ਹਾਂ ਦਾ ਅਰਥ ਹੈ, ਕੇਵਲ ਸ਼ਬਦਾਂ ਦੇ ਸੁਨੇਹੇ ਨਾਲ ਹੀ ਨਹੀਂ ਸਗੋਂ ਬਹੁਤ ਵਡੇਰੀ "ਸਮਰੱਥਾ ਨਾਲ" ਆਏ ਸਨ, ਅਰਥਾਤ ਸੁਨੇਹੇ ਦੇ ਮਗਰ ਈਸ਼ਵਰੀ ਹਕੀਕਤ ਸੀ।[5] ਇਸ ਤਰ੍ਹਾਂ ਪੌਲੁਸ ਦੱਸ ਰਿਹਾ ਸੀ ਕਿ ਕਿਵੇਂ ਪਰਮੇਸ਼ੁਰ ਨੇ ਸਮਰੱਥਾ ਨਾਲ ਭਰ ਕੇ ਪ੍ਰਚਾਰ ਕਰਨ ਵਿੱਚ ਉਨ੍ਹਾਂ ਦੀ ਮਦਦ ਕੀਤੀ ਸੀ। ਉਨ੍ਹਾਂ ਦੇ ਸ਼ਬਦ ਮੋਕਲੇ ਨਹੀਂ ਸਨ; ਸਗੋਂ ਉਹ **ਪੂਰੇ ਯਕੀਨ ਨਾਲ** ਬੋਲੇ ਜਾ ਰਹੇ ਸਨ। ਇਹ ਸਮਰੱਥਾ **ਪਵਿੱਤਰ ਆਤਮਾ** ਨਾਲ ਵੀ ਸੰਬੰਧਤ ਸੀ, ਜੋ ਸ਼ਾਇਦ ਉਨ੍ਹਾਂ ਅਚਰਜ ਕੰਮਾਂ ਵੱਲ ਸੰਕੇਤ ਕਰਦਾ ਹੈ ਜਿਹੜੇ ਪੌਲੁਸ ਨੇ ਉੱਥੇ ਰਹਿੰਦਿਆਂ ਕੀਤੇ ਸਨ, ਜਿਨ੍ਹਾਂ ਨੇ ਪ੍ਰਚਾਰ ਕੀਤੇ ਗਏ ਸ਼ਬਦਾਂ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਦੀ ਤਸਦੀਕ ਕੀਤੀ ਸੀ (ਵੇਖੋ 1 ਕੁਰਿੰਥੀਆਂ 2:4, 5; 2 ਕੁਰਿੰਥੀਆਂ 12:12; ਇਬਰਾਨੀਆਂ 2:1–4)।

ਫਿਰ ਉਹ ਗੱਲ ਕਰਦਾ ਹੈ ਕਿ ਥੱਸਲੁਨੀਕੀ ਮਸੀਹੀਆਂ ਦੇ ਨਾਲ ਰਹਿੰਦਿਆਂ ਉਨ੍ਹਾਂ ਦਾ ਵਿਹਾਰ ਕਿਹੋ ਜਿਹਾ ਰਿਹਾ ਸੀ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਪੌਲੁਸ ਨੇ ਆਖਿਆ ਭਈ **ਤੁਸੀਂ ਜਾਣਦੇ ਹੋ ਜੋ ਤੁਹਾਡੇ ਨਮਿੱਤ ਤੁਸਾਂ ਨਾਲ ਸਾਡਾ ਕਿਹੋ ਜਿਹਾ ਵਰਤਾਰਾ ਸੀ।** ਇਸ ਵਿੱਚ ਆਤਮ-ਰੱਖਿਆ ਦਾ ਭਾਵ ਦਿਖਾਈ ਦਿੰਦਾ ਹੈ, ਜਿਸ ਨੂੰ ਅਧਿਆਇ 2 ਵਿੱਚ ਹੋਰ ਚੰਗੀ ਤਰ੍ਹਾਂ ਵੇਖਿਆ ਜਾ ਸਕਦਾ ਹੈ। ਪੋਲੁਸ ਅਤੇ ਉਸ ਦੇ ਸਹਿਕਰਮੀਆਂ ਨੇ ਕਿਸੇ ਵੀ ਤਰ੍ਹਾਂ ਦੇ ਸੁਆਰਥੀ ਮਕਸਦਾਂ ਦੀ ਪੂਰਤੀ ਲਈ ਕੰਮ ਨਹੀਂ ਕੀਤਾ ਸੀ; ਸਗੋਂ ਉਨ੍ਹਾਂ ਨੇ ਸਭਕੁਝ [ਉਨ੍ਹਾਂ ਦੇ] **ਨਮਿੱਤ** ਕੀਤਾ ਸੀ। ਉਨ੍ਹਾਂ ਦੇ ਜੀਵਨ ਦਰਅਸਲ ਉਸ ਸਮੇਂ ਦੇ ਬਾਕੀ ਘੁਮੱਕੜ

ਪ੍ਰਚਾਰਕਾਂ ਦੇ ਬਿਲਕੁਲ ਉਲਟ ਸਨ। ਇਸ ਕਰਕੇ ਉਨ੍ਹਾਂ ਦੀ ਚੋਣ ਦੀ ਨਿਸ਼ਚਿਤਤਾ ਦਾ ਇੱਕ ਹਿੱਸਾ ਇਸ ਤੱਥ ਤੋਂ ਵੀ ਆਇਆ ਹੈ ਕਿ ਨੈਤਿਕ ਤੌਰ 'ਤੇ ਸਾਫ ਅਤੇ ਇਮਾਨਦਾਰ ਲੋਕਾਂ ਨੇ ਪਵਿੱਤਰ ਆਤਮਾ ਦੀ ਸਮਰੱਥਾ ਨਾਲ ਭਰਿਆ ਸੰਦੇਸ਼ ਪ੍ਰਚਾਰ ਕੀਤਾ ਸੀ। ਪਰ ਉਸ ਦੀ ਨਿਸ਼ਚਿਤਤਾ ਦਾ ਇੱਕ ਹੋਰ ਕਾਰਨ ਵੀ ਸੀ: ਉਹ ਇਹ ਸੀ ਕਿ ਥੱਸਲੁਨੀਕੀਆਂ ਨੇ ਸੰਦੇਸ਼ ਨੂੰ ਬੜੀ ਚੰਗੀ ਤਰ੍ਹਾਂ ਸਵੀਕਾਰ ਕੀਤਾ ਸੀ (ਵੇਖੋ ਆਇਤ 6)।

**ਆਇਤ 6. ਰੀਸ ਕਰਨ** (μιμηταί, *ਮਿਮੇਟੇਸ*) ਵਾਲੇ ਲੋਕ ਉਹ ਹੁੰਦੇ ਹਨ ਜਿਹੜੇ ਕਿਸੇ ਹੋਰ ਵਿਅਕਤੀ ਨੂੰ ਵੇਖਦੇ ਹਨ ਅਤੇ ਉਸ ਨੂੰ ਆਪਣਾ ਆਦਰਸ਼ ਬਣਾਉਣ ਦਾ ਜਤਨ ਕਰਦੇ ਹਨ। ਕਿਉਂ ਜੋ ਪੌਲੁਸ ਜਾਣਦਾ ਸੀ ਕਿ ਉਹ ਪੂਰੀ ਇਮਾਨਦਾਰੀ ਨਾਲ ਪ੍ਰਭੂ ਦੀ ਸੇਵਾ ਵਿੱਚ ਲੱਗਾ ਹੋਇਆ ਸੀ (1 ਕੁਰਿੰਥੀਆਂ 4:4), ਇਸ ਕਰਕੇ ਉਹ ਦੂਜਿਆਂ ਨੂੰ ਆਖ ਸਕਦਾ ਸੀ ਕਿ ਉਹ ਉਸ ਦੀ ਨਕਲ ਕਰਨ (1 ਕੁਰਿੰਥੀਆਂ 11:1) ਅਤੇ ਖਾਸਤੌਰ 'ਤੇ **ਪ੍ਰਭੂ** ਦੀ। ਥੱਸਲੁਨੀਕੀ ਲੋਕਾਂ ਨੇ ਪੌਲੁਸ ਅਤੇ ਉਸ ਦੇ ਸਾਥੀਆਂ ਦੀ ਨਕਲ ਕਰਨ ਦਾ ਜਤਨ ਕੀਤਾ; ਪਰ ਦਰਅਸਲ ਉਨ੍ਹਾਂ ਦੇ ਦੁਆਰਾ ਉਹ "ਪ੍ਰਭੂ" ਦੀ ਨਕਲ ਕਰ ਰਹੇ ਸਨ, ਕਿਉਂਕਿ ਪੌਲੁਸ ਬੜੀ ਸਾਵਧਾਨੀ ਨਾਲ ਪ੍ਰਭੂ ਦੇ ਆਦਰਸ਼ ਦੀ ਪੈਰਵੀ ਕਰ ਰਿਹਾ ਸੀ (1 ਕੁਰਿੰਥੀਆਂ 11:1; 4:16)। ਅੱਜ ਸਾਡੇ ਨਵੇਂ ਵਿਸ਼ਵਾਸੀ ਸੁਭਾਵਕ ਤੌਰ 'ਤੇ ਹੀ ਸਾਡੀ ਰੀਸ ਕਰਦੇ ਹਨ। ਕੀ ਉਹ ਇਹ ਵੇਖਣਗੇ ਕਿ ਅਸੀਂ ਪਰਮੇਸ਼ੁਰ ਦੇ ਰਾਜ ਨੂੰ ਪਹਿਲ ਦਿੰਦੇ ਹਾਂ ਅਤੇ ਉਸ ਦੇ ਲਈ ਕੁਰਬਾਨੀ ਦੇਣ ਨੂੰ ਤਿਆਰ ਰਹਿੰਦੇ ਹਾਂ, ਜਾਂ ਫਿਰ ਉਹ ਵੇਖਣਗੇ ਕਿ ਅਸੀਂ "ਨਿਰੀਆਂ ਗੱਲਾਂ ਹੀ ਗੱਲਾਂ" ਕਰਦੇ ਹਾਂ, ਦੁਨਿਆਵੀ ਗੱਲਾਂ ਨੂੰ ਪਹਿਲ ਦਿੰਦੇ ਹਾਂ ਅਤੇ ਕੁਰਬਾਨੀ ਦਾ ਅਰਥ ਤੱਕ ਨਹੀਂ ਜਾਣਦੇ? ਜ਼ਰੂਰੀ ਹੈ ਕਿ ਸੱਚੇ ਮਸੀਹੀ ਉਪਦੇਸ਼ਕ ਸ਼ਬਦਾਂ ਦੇ ਨਾਲ-ਨਾਲ ਆਪਣੇ ਜੀਵਨ ਰਾਹੀਂ ਵੀ ਸਿੱਖਿਆ ਦੇਣ।

ਇਹ ਭਾਈ **ਵੱਡੀ ਬਿਪਤਾ** ਦੇ ਬਾਵਜੂਦ ਵੀ ਵਿਸ਼ਵਾਸਯੋਗਤਾ ਨਾਲ ਅਗਾਂਹ ਵਧ ਰਹੇ ਸਨ, ਜ਼ਿਆਦਾਤਰ ਇਸ ਕਰਕੇ ਕਿ ਉਨ੍ਹਾਂ ਦੇ ਸਾਹਮਣੇ ਚੰਗੇ ਆਦਰਸ਼ ਸਨ। ਇਹ ਸ਼ਬਦ ਬਹੁਤ ਔਖੇ ਸੰਕਟਾਂ ਬਾਰੇ ਗੱਲ ਕਰਦੇ ਹਨ। ਸ਼ਾਇਦ ਉਨ੍ਹਾਂ ਦੀ ਬਿਪਤਾ ਦਾ ਕਾਰਨ ਯਹੂਦੀ ਲੋਕ ਸਨ (ਰਸੂਲਾਂ ਦੇ ਕਰਤੱਬ 17:5–9) ਅਤੇ ਇਹ ਵੀ ਸੰਭਵ ਹੈ ਕਿ ਉਨ੍ਹਾਂ ਦੇ ਸੰਗੀ ਯੂਨਾਨੀ ਲੋਕ ਸਨ (2:14; ਵੇਖੋ 2 ਤਿਮੋਥਿਉਸ 3:12)।

**ਪਵਿੱਤਰ ਆਤਮਾ ਦਾ ਅਨੰਦ** ਦਰਸਾਉਂਦਾ ਹੈ ਕਿ ਜਦ ਕੋਈ ਵਿਅਕਤੀ ਪਰਮੇਸ਼ੁਰ ਦੇ ਸੰਦੇਸ਼ ਦੀ ਆਗਿਆਕਾਰੀ ਲਈ ਆਪਣੇ ਹਿਰਦੇ ਨੂੰ ਖੋਲ੍ਹਦਾ ਹੈ, ਤਦ ਪਵਿੱਤਰ ਆਤਮਾ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਅਨੰਦ ਨਾਲ ਭਰ ਦਿੰਦਾ ਹੈ। ਦਰਅਸਲ ਇਹ ਅਨੰਦ ਇਸ ਜਾਣਕਾਰੀ ਤੋਂ ਆਉਂਦਾ ਹੈ ਕਿ ਹੁਣ ਸਾਡੇ ਸਿਰਜਣਹਾਰ ਦੇ ਨਾਲ ਸਾਡਾ ਮਿਲਾਪ ਹੋ ਚੁੱਕਾ ਹੈ ਅਤੇ ਹੁਣ ਜੋ ਕੁਝ ਸਾਡੇ ਸਾਹਮਣੇ ਆਵੇਗਾ ਉਸ ਦਾ ਅਸੀਂ ਸਾਹਮਣਾ ਕਰ ਸਕਦੇ ਹਾਂ। ਰਸੂਲਾਂ ਦੇ ਕਰਤੱਬ ਦੀ ਪੁਸਤਕ ਵਿੱਚ ਨਵੇਂ ਮਸੀਹੀਆਂ ਵੱਲੋਂ ਅਨੁਭਵ ਕੀਤੇ ਗਏ ਅਨੰਦ ਦੇ ਵੇਰਵੇ ਉੱਤੇ ਗੌਰ ਕਰੋ (8:39; 16:34)।

ਥੱਸਲੁਨੀਕੀਆਂ ਦਾ ਅਨੰਦ ਉਨ੍ਹਾਂ ਦੇ ਸੰਤਾਪ ਉੱਤੇ ਹਾਵੀ ਹੋ ਗਿਆ ਸੀ, ਜਿਹੜਾ ਉਨ੍ਹਾਂ ਦੇ ਸਤਾਓ ਦੀ ਪੀੜਾ ਦੇ ਕਾਰਨ ਆਣ ਪਿਆ ਸੀ। ਉਨ੍ਹਾਂ ਦੀ ਅੰਦਰੂਨੀ ਸ਼ਾਂਤੀ ਜੀਵਨ ਦੇ ਹਰੇਕ ਬਾਹਰੀ ਹਾਲਾਤ ਨਾਲੋਂ ਕਿਤੇ ਤਕੜੀ ਸੀ (ਰੋਮੀਆਂ 8:18 ਨਾਲ ਤੁਲਨਾ ਕਰੋ)।

ਜਿਸ ਤਰ੍ਹਾਂ ਉਨ੍ਹਾਂ ਨੇ ਸੰਦੇਸ਼ ਨੂੰ ਸਵੀਕਾਰ ਕੀਤਾ ਸੀ ਅਤੇ ਉਸ ਦੇ ਨਤੀਜੇ ਵਜੋਂ ਪਵਿੱਤਰ ਆਤਮਾ ਨੇ ਜਿਸ ਅਨੰਦ ਨੂੰ ਉਨ੍ਹਾਂ ਦਿਆਂ ਹਿਰਦਿਆਂ ਵਿੱਚ ਭਰ ਦਿੱਤਾ ਸੀ, ਉਹ

ਇੱਕ ਹੋਰ ਕਾਰਨ ਬਣ ਗਿਆ ਸੀ ਕਿ ਪੌਲੁਸ ਐਨਾ ਨਿਸ਼ਚਿਤ ਕਿਉਂ ਹੋ ਗਿਆ ਸੀ ਕਿ ਉਨ੍ਹਾਂ ਦੀ ਗਿਣਤੀ ਚੁਣੇ ਹੋਇਆਂ ਵਿੱਚ ਹੁੰਦੀ ਹੈ।

**ਆਇਤ 7.** ਪੌਲੁਸ ਦੇ ਸਮੇਂ ਵਿੱਚ ਮਕਦੂਨਿਯਾ ਅਤੇ ਅਖਾਯਾ ਰੋਮੀ ਸਾਮਰਾਜ ਦੇ ਦੋ ਸੂਬੇ ਸਨ। **ਅਖਾਯਾ** ਵਿੱਚ ਮੌਜੂਦਾ ਗ੍ਰੀਸ ਦਾ ਦੱਖਣੀ ਹਿੱਸਾ ਹੁੰਦਾ ਸੀ, ਜਿਸ ਵਿੱਚ ਕੁਰਿੰਥੁਸ ਅਤੇ ਅਥੇਨੇ ਸ਼ਾਮਲ ਸਨ। **ਮਕਦੂਨਿਯਾ** ਵਿੱਚ ਮੌਜੂਦਾ ਗ੍ਰੀਸ ਦਾ ਉੱਤਰੀ ਹਿੱਸਾ ਹੁੰਦਾ ਸੀ, ਜਿਸ ਵਿੱਚ ਬਰਿਯਾ, ਫਿਲਿੱਪੈ ਅਤੇ ਥੱਸਲੁਨੀਕੇ ਸ਼ਾਮਲ ਸਨ। ਪੌਲੁਸ ਨੇ ਆਖਿਆ ਕਿ ਪਹਿਲਾਂ ਥੱਸਲੁਨੀਕੀ ਲੋਕ ਉਸ ਦੀ ਅਤੇ ਉਸ ਦੇ ਸਾਥੀਆਂ ਦੀ ਰੀਸ ਕਰਨ ਲੱਗੇ ਸਨ (ਆਇਤ 6) ਅਤੇ ਫਿਰ ਆਪ ਵੀ ਨੇੜਲੇ ਸੂਬਿਆਂ ਦੇ ਲੋਕਾਂ ਲਈ ਇੱਕ ਚੰਗਾ "ਆਦਰਸ਼" (NIV), ਜਾਂ **ਨਮੂਨਾ** ਬਣ ਗਏ ਸਨ। "ਨਮੂਨਾ" ਸ਼ਬਦ τύπος (*ਟੂਪੋਸ*) ਤੋਂ ਹੈ, ਜਿਸ ਦਾ ਅਰਥ ਹੋ ਸਕਦਾ ਹੈ, ਮਾਰਨ ਨਾਲ ਪਿਆ ਨਿਸ਼ਾਨ, ਯੂਹੰਨਾ 20:25 ਅਨੁਸਾਰ ਪਿਆ ਨਿਸ਼ਾਨ, ਇੱਕ ਉਦਾਹਰਣ, ਜਾਂ ਇੱਕ ਪੈਟਰਨ।[6] ਜਿਵੇਂ ਕਿ ਪਹਿਲਾਂ ਵੀ ਵੇਖਿਆ ਜਾ ਚੁੱਕਾ ਹੈ, ਜਿਵੇਂ ਪੌਲੁਸ ਨੇ ਮਸੀਹ ਦੀ ਨਕਲ ਕੀਤੀ, ਉਵੇਂ ਹੀ ਉਨ੍ਹਾਂ ਨੇ ਪੌਲੁਸ ਦੀ ਨਕਲ ਕੀਤੀ (1 ਕੁਰਿੰਥੀਆਂ 11:1)।

ਕੋਈ ਵਿਅਕਤੀ ਪ੍ਰਭੂ ਅਤੇ ਉਸ ਦੇ ਵਿਸ਼ਵਾਸਯੋਗ ਸੇਵਕਾਂ ਦੀ ਜਿੰਨੀ ਨਕਲ ਕਰਦਾ ਹੈ, ਉਸੇ ਹੱਦ ਤੱਕ ਉਹ ਹੋਰਨਾਂ ਲੋਕਾਂ ਦੇ ਲਈ ਇੱਕ ਆਦਰਸ਼ ਬਣ ਸਕੇਗਾ, ਜੋ ਫਿਰ ਹੋਰਾਂ ਨੂੰ ਉਤਸ਼ਾਹਿਤ ਕਰੇਗਾ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰੇਗਾ। ਥੱਸਲੁਨੀਕੀ ਮਸੀਹੀ ਸ਼ਾਇਦ ਅਜੇ ਤੱਕ ਪੂਰੀ ਤਰ੍ਹਾਂ ਇਹ ਨਹੀਂ ਸਿਆਣੇ ਸਨ ਕਿ ਉਨ੍ਹਾਂ ਦੇ ਉਦਾਹਰਣ ਨੇ, ਭਾਵੇਂ ਇਹ ਚੰਗਾ ਸੀ ਭਾਵੇਂ ਮਾੜਾ, ਹੋਰਨਾਂ ਲੋਕਾਂ ਨੂੰ ਕਿੰਨਾ ਪ੍ਰਭਾਵਿਤ ਕੀਤਾ ਸੀ। ਉਨ੍ਹਾਂ ਦਾ ਉਦਾਹਰਣ ਮਕਦੂਨਿਯਾ ਅਤੇ ਅਖਾਯਾ ਦੇ ਸ਼ਾਇਦ ਹਜਾਰਾਂ ਲੋਕਾਂ ਨੂੰ ਪ੍ਰਭਾਵਿਤ ਕਰ ਚੁੱਕਾ ਸੀ। ਇਹ ਕਲੀਸਿਯਾ ਨਵੇਂ ਨੇਮ ਦੀ ਇੱਕਮਾਤਰ ਕਲੀਸਿਯਾ ਹੈ ਜਿਸ ਨੂੰ ਹੋਰਨਾਂ ਲੋਕਾਂ ਦੇ ਲਈ ਨਮੂਨਾ ਆਖਿਆ ਗਿਆ ਹੈ। ਇਹ ਤਾਂ ਸਪਸ਼ਟ ਹੀ ਹੈ ਕਿ ਇਨ੍ਹਾਂ **ਨਿਹਚਾਵਾਨਾਂ** ਨੇ ਖੁਸ਼ਖਬਰੀ ਦੀ ਆਗਿਆਕਾਰੀ ਕੀਤੀ ਸੀ। ਜਿਨ੍ਹਾਂ ਲੋਕਾਂ ਨੇ ਰਸੂਲਾਂ ਦੇ ਕਰਤੱਬ 2:41 ਵਿੱਚ ਬਪਤਿਸਮਾ ਲਿਆ ਸੀ, ਉਨ੍ਹਾਂ ਨੂੰ ਵੀ ਆਇਤ 44 ਵਿੱਚ "ਨਿਹਚਾ ਕਰਨ ਵਾਲੇ" ਆਖਿਆ ਗਿਆ ਹੈ।

## ਥੱਸਲੁਨੀਕੀਆਂ ਦੇ ਨਮੂਨੇ ਦਾ ਪ੍ਰਭਾਵ (1:8-10)

**8ਕਿਉਂ ਜੋ ਤੁਹਾਡੇ ਕੋਲੋਂ ਪ੍ਰਭੂ ਦੇ ਬਚਨ ਦੀ ਧੁੰਮ ਨਾ ਕੇਵਲ ਮਕਦੂਨਿਯਾ ਅਤੇ ਅਖਾਯਾ ਵਿੱਚ ਪਈ ਹੈ ਸਗੋਂ ਤੁਹਾਡੀ ਨਿਹਚਾ ਜੋ ਪਰਮੇਸ਼ੁਰ ਉੱਤੇ ਹੈ ਸਭਨੀਂ ਥਾਈਂ ਉਜਾਗਰ ਹੋ ਗਈ ਜਿਸ ਕਰਕੇ ਸਾਡੇ ਆਖਣ ਦੀ ਕੋਈ ਲੋੜ ਨਹੀਂ। 9ਓਹ ਤਾਂ ਆਪੇ ਸਾਡੇ ਵਿਖੇ ਦੱਸਦੇ ਹਨ ਜੋ ਤੁਹਾਡੇ ਕੋਲ ਸਾਡਾ ਆਉਣਾ ਕਿਸ ਪਰਕਾਰ ਦਾ ਹੋਇਆ ਅਤੇ ਤੁਸੀਂ ਕਿਵੇਂ ਮੂਰਤੀਆਂ ਨੂੰ ਛੱਡ ਕੇ ਪਰਮੇਸ਼ੁਰ ਦੀ ਵੱਲ ਮੁੜੇ ਭਈ ਜੀਉਂਦੇ ਅਤੇ ਸੱਚੇ ਪਰਮੇਸ਼ੁਰ ਦੀ ਸੇਵਾ ਕਰੋ। 10ਅਤੇ ਉਹ ਦੇ ਪੁੱਤਰ ਦੇ ਸੁਰਗੋਂ ਆਉਣ ਦੀ ਉਡੀਕ ਕਰੋ ਜਿਸ ਨੂੰ ਓਨ ਮੁਰਦਿਆਂ ਵਿੱਚੋਂ ਜਿਵਾਲਿਆ ਅਰਥਾਤ ਯਿਸੂ ਦੀ ਜਿਹੜਾ ਸਾਨੂੰ ਆਉਣ ਵਾਲੇ ਕ੍ਰੋਧ ਤੋਂ ਬਚਾ ਲੈਂਦਾ ਹੈ।**

**ਆਇਤ 8.** ਇਹ ਆਇਤ, ਆਇਤਾਂ 9 ਅਤੇ 10 ਦੇ ਨਾਲ ਸਾਨੂੰ ਦੱਸਦੀ ਹੈ ਕਿ ਥੱਸਲੁਨੀਕੀ ਮਸੀਹੀ ਕਿਸ ਪੱਖੋਂ ਇੱਕ "ਉਦਾਹਰਣ" (ਆਇਤ 7) ਸਨ। ਇਸ ਤਰ੍ਹਾਂ

ਉਦਾਹਰਣ ਬਣਨ ਦਾ ਵਿਚਾਰ ਇਸ ਅਧਿਆਇ ਦੀਆਂ ਇਨ੍ਹਾਂ ਅੰਤਮ ਆਇਤਾਂ ਵਿੱਚ ਜਾਰੀ ਰਹਿੰਦਾ ਹੈ। **ਪ੍ਰਭੂ ਦੇ ਬਚਨ** (ਖੁਸ਼ਖਬਰੀ), ਦੇ ਨਾਲ-ਨਾਲ ਉਨ੍ਹਾਂ ਦੀ **ਨਿਹਚਾ** (πίστις, *ਪਿਸਤਿਸ*) **ਜੋ ਪਰਮੇਸ਼ੁਰ ਉੱਤੇ** ਸੀ (ਆਪਣੀ ਮਿਆਰ ਵਜੋਂ ਉਸ ਦੇ ਸੁਨੇਹੇ ਨੂੰ ਸਵੀਕਾਰ ਕਰਨ), ਦੀ **ਧੁੰਮ** ਪੈ ਗਈ ਸੀ। ਉਨ੍ਹਾਂ ਦਾ ਵਿਸ਼ਵਾਸ ਹੁਣ ਮੂਰਤਾਂ 'ਤੇ ਨਹੀਂ ਸਗੋਂ ਸੱਚੇ ਪਰਮੇਸ਼ੁਰ 'ਤੇ ਸੀ।

"ਧੁੰਮ" ਪੈ ਜਾਣ ਦਾ ਭਾਵ ਬਿਜਲੀ ਗੱਜਣ ਜਾਂ ਤੁਰ੍ਹੀ ਫੂਕੇ ਜਾਣ ਵਾਂਗ ਹੈ ਜਿਸ ਦੀ ਅਵਾਜ਼ ਗੂੰਜਦੀ ਹੈ ਜਾਂ ਹੁੰਗਾਰਾ ਮਾਰਦੀ ਹੈ। ਕਿਰਿਆ ਦਾ ਭੂਤਕਾਲ ਦਰਸਾਉਂਦਾ ਹੈ ਕਿ ਇਸ ਦੀ ਧੁੰਮ ਪਈ ਸੀ ਅਤੇ ਹੁਣ ਤੱਕ ਉਸ ਦੀ ਗੂੰਜ ਸੁਣਾਈ ਦੇ ਰਹੀ ਸੀ। ਥੱਸਲੁਨੀਕੇ ਦੀ ਕਲੀਸਿਯਾ ਅਜਿਹੀ ਹੀ ਬਣ ਗਈ ਸੀ, ਜਿਸ ਦੀ ਧੁੰਮ ਚਾਰੇ ਪਾਸੇ ਪੈ ਰਹੀ ਸੀ। ਅਜਿਹਾ ਹੋਣ ਦੀ ਸੰਭਾਵਨਾ ਇਸ ਤੱਥ ਕਾਰਨ ਹੋਰ ਵੀ ਵਧ ਗਈ ਸੀ ਕਿ ਇਸ ਨਗਰ ਵਿੱਚ ਇੱਕ ਬਹੁਤ ਵਧੀਆ ਬੰਦਰਗਾਹ ਸੀ ਜਿੱਥੇ ਸਨਅਤੀ ਚਹਿਲ-ਪਹਿਲ ਲੱਗੀ ਰਹਿੰਦੀ ਸੀ ਅਤੇ ਇਹ ਮਿਸਰੀ ਰਾਹ 'ਤੇ ਸਥਿਤ ਸੀ, ਜਿਹੜਾ ਪੂਰਬ ਤੋਂ ਪੱਛਮ ਨੂੰ ਜਾਣ ਵਾਲਾ ਪ੍ਰਮੁੱਖ ਰੋਮੀ ਰਾਜਮਾਰਗ ਸੀ। ਇਸ ਤਰ੍ਹਾਂ ਉਨ੍ਹਾਂ ਦੇ ਜ਼ਰੀਏ ਖੁਸ਼ਖਬਰੀ ਅਤੇ ਉਨ੍ਹਾਂ ਵੱਲੋਂ ਖੁਸ਼ਖਬਰੀ ਨੂੰ ਸਵੀਕਾਰ ਕੀਤੇ ਜਾਣ ਦੀ ਖ਼ਬਰ ਸਾਰੇ **ਮਕਦੂਨਿਯਾ**, **ਅਖਾਯਾ** ਅਤੇ **ਸਭਨੀਂ ਥਾਈਂ** ("ਹਪ ਪਾਸੇ"; NIV) ਪੁੱਜ ਗਈ ਸੀ।

"ਸਭਨੀਂ ਥਾਈਂ" ਸ਼ਾਇਦ ਇੱਕ ਅੱਤਕਥਨੀ ਹੈ—ਥੋੜ੍ਹਾ ਵਧਾ ਕੇ ਆਖੀ ਗਈ ਗੱਲ, ਪਰ ਛਲ ਕਰਨ ਦੇ ਮੰਤਵ ਨਾਲ ਇਸਤੇਮਾਲ ਨਹੀਂ ਕੀਤੀ ਗਈ ਹੈ। ਇਹ ਪ੍ਰਭਾਵਸ਼ਾਲੀ ਤੌਰ 'ਤੇ ਦਰਸਾਉਂਦਾ ਹੈ ਕਿ ਸੁਨੇਹੇ ਨੂੰ ਐਨੀ ਦੂਰ ਤੱਕ ਲਿਜਾਇਆ ਜਾ ਚੁੱਕਾ ਸੀ ਕਿ ਪੌਲੁਸ ਅਤੇ ਉਸ ਦੇ ਸਾਥੀਆਂ ਨੂੰ ਕੁਝ ਵੀ **ਆਖਣ ਦੀ ਕੋਈ ਲੋੜ ਨਹੀਂ** ਸੀ। ਜਿਨ੍ਹਾਂ ਲੋਕਾਂ ਨੂੰ ਉਹ ਮਿਲੇ ਸਨ, ਉਨ੍ਹਾਂ ਵਿੱਚੋਂ ਜ਼ਿਆਦਾਤਰ ਸੁਨੇਹੇ ਨੂੰ ਸੁਣ ਚੁੱਕੇ ਸਨ। ਸੁਨੇਹੇ ਦਾ ਪ੍ਰਚਾਰ ਸ਼ਾਇਦ ਦੋ ਤਰੀਕਿਆਂ ਨਾਲ ਕੀਤਾ ਗਿਆ ਸੀ: ਪਹਿਲਾ, ਉੱਥੋਂ ਦੀ ਆਉਣ-ਜਾਣ ਵਾਲੇ ਲੋਕਾਂ ਦੇ ਦੁਆਰਾ, ਜਿਹੜੇ ਇਨ੍ਹਾਂ ਮਸੀਹੀਆਂ ਤੋਂ ਪ੍ਰਚਾਰ ਸੁਣਦੇ ਸਨ ਅਤੇ ਵਿਸ਼ਵਾਸ ਕਰਦੇ ਸਨ ਅਤੇ ਦੂਜਾ ਇਨ੍ਹਾਂ ਮਸੀਹੀਆਂ ਵੱਲੋਂ ਆਪਣੇ ਮੈਂਬਰਾਂ ਨੂੰ ਪ੍ਰਚਾਰ ਕਰਨ ਲਈ ਘੱਲੇ ਜਾਣ ਦੁਆਰਾ।

ਕੀ ਸਾਨੂੰ ਥੱਸਲੁਨੀਕੀਆਂ ਦੇ "ਨਮੂਨੇ" ਦੀ ਪਾਲਣਾ ਕਰਨ ਦੀ ਲੋੜ ਹੈ, ਤਾਂ ਜੋ ਸਾਡੇ ਵਿੱਚੋਂ ਖੁਸ਼ਖਬਰੀ ਦੀ ਧੁੰਮ ਪੈ ਜਾਵੇ ਅਤੇ ਸਾਡੇ ਵਿਸ਼ਵਾਸ ਬਾਰੇ ਲੋਕਾਂ ਨੂੰ ਪਤਾ ਚੱਲ ਜਾਵੇ?

**ਆਇਤ 9.** ਇਹ ਆਇਤ, ਆਇਤ 10 ਦੇ ਨਾਲ ਉਸ ਕਹਾਣੀ ਦੇ ਮੁੱਖ ਹਿੱਸੇ ਨੂੰ ਦੱਸਦੀ ਹੈ, ਜਿਸ ਨੂੰ ਪੌਲੁਸ ਅਤੇ ਉਸ ਦੇ ਸਾਥੀ ਲੋਕਾਂ ਤੋਂ ਸੁਣਦੇ ਆ ਰਹੇ ਸਨ। ਉਨ੍ਹਾਂ ਨੂੰ ਸੱਚਮੁੱਚ **ਜੀ ਆਇਆਂ** ਆਖਿਆ ਗਿਆ ਸੀ, ਅਰਥਾਤ ਉਨ੍ਹਾਂ ਦਾ "ਸੁਆਗਤ" ਕੀਤਾ ਗਿਆ ਸੀ (RSV)।

ਥੱਸਲੁਨੀਕੀ ਲੋਕ ਪਰਮੇਸ਼ੁਰ ਵੱਲ **ਮੁੜੇ** ਸਨ। NIV ਇਸ ਸ਼ਬਦ ਦਾ ਅਨੁਵਾਦ "ਬਦਲ ਗਏ ਸਨ" ਵਜੋਂ ਕਰਦੀ ਹੈ ਅਤੇ ਦਰਸਾਉਂਦੀ ਹੈ ਕਿ ਬਦਲੇ ਬਿਨਾ ਕੋਈ ਵੀ ਵਿਅਕਤੀ "ਸੁਰਗ ਦੇ ਰਾਜ" ਦਾ ਹਿੱਸਾ ਨਹੀਂ ਬਣ ਸਕਦਾ (ਮੱਤੀ 18:3)। ਨਿਹਚਾ ਅਤੇ ਤੋਬਾ, ਜਾਂ ਮਨਬਦਲੀ ਨੇ ਉਨ੍ਹਾਂ ਦੀ ਜੀਵਨਸ਼ੈਲੀ ਨੂੰ ਵੀ ਬਦਲ ਦਿੱਤਾ ਸੀ। "ਮੁੜੇ" ਨੂੰ ਸ਼ਬਦ ἐπιστρέφω (*ਏਪਿਸਟ੍ਰੇਫੋ*) ਤੋਂ ਅਨੁਵਾਦ ਕੀਤਾ ਗਿਆ ਹੈ, ਜੋ ਮੁੜਨ ਲਈ ਇਸਤੇਮਾਲ ਕੀਤੀ ਜਾਣ ਵਾਲੀ ਇੱਕ ਪੁਰਾਣੀ ਕਿਰਿਆ ਹੈ। ਇਸ ਦੀ ਵਰਤੋਂ ਰਸੂਲਾਂ ਦੇ ਕਰਤੱਬ ਦੀ ਪੁਸਤਕ ਵਿੱਚ ਆਮਤੌਰ 'ਤੇ ਪਰਮੇਸ਼ੁਰ ਵੱਲ "ਮੁੜਨ" ਲਈ ਕੀਤੀ ਗਈ ਹੈ (ਵੇਖੋ ਰਸੂਲਾਂ ਦੇ

ਕਰਤੱਬ 3:19)।[7]

ਇਹ ਬਦਲਾਓ **ਮੂਰਤੀਆਂ** ਜਾਂ ਬੁੱਤਾਂ ਨੂੰ ਛੱਡਣ ਨਾਲ ਆਇਆ ਸੀ, ਜਿਹੜੀਆਂ ਜ਼ਿਉਸ, ਅਪੋਲੋ ਅਤੇ ਅਰਤਿਮਿਸ (ਰੋਮੀਆਂ ਦੀ ਦੇਵੀ ਡਾਇਨਾ ਦਾ ਅਫ਼ਸੁਸ ਰੂਪ) ਦੇਵੀ-ਦੇਵਤਿਆਂ ਦੀਆਂ ਸਨ; ਪਰ ਕਿਉਂ ਜੋ ਦੇਵੀ-ਦੇਵਤਾ ਕੇਵਲ ਕਾਲਪਨਿਕ ਹੀ ਹੁੰਦੇ ਸਨ, ਇਸ ਕਰਕੇ ਅਸਲ ਵਿੱਚ ਪੂਜਾ ਮੂਰਤੀ ਦੀ ਹੀ ਕੀਤੀ ਜਾਂਦੀ ਸੀ। ਮਕਦੂਨਿਯਾ ਦੇ ਲਗਭਗ ਸਾਰੇ ਤਿਉਹਾਰ ਇਨ੍ਹਾਂ ਦੇਵੀ-ਦੇਵਤਿਆਂ ’ਤੇ ਹੀ ਅਧਾਰਿਤ ਸਨ ਅਤੇ ਉਨ੍ਹਾਂ ਦੇ ਮੰਦਰ ਸਮਾਜਕ ਜੀਵਨ ਦਾ ਕੇਂਦਰ ਹੁੰਦੇ ਸਨ। ਇਨ੍ਹਾਂ ਨਵੇਂ ਮਸੀਹੀਆਂ ਨੂੰ ਆਪਣੇ ਗੁਆਂਢੀਆਂ ਦੇ ਨਾਲ ਇਨ੍ਹਾਂ ਤਿਉਹਾਰਾਂ ਨੂੰ ਮਨਾਉਣ ਜਾਣਾ ਛੱਡਣਾ ਪੈਂਦਾ ਸੀ। ਉਹ ਸਕਾਰਾਤਮਕ ਵੱਲ ਨੂੰ, ਇੱਕ ਬੇਹਤਰ ਪਾਸੇ ਨੂੰ ਮੁੜ ਗਏ—**ਜੀਉਂਦੇ ਅਤੇ ਸੱਚੇ ਪਰਮੇਸ਼ੁਰ** ਵੱਲ ਮੁੜ ਗਏ ਸਨ, ਜੋ ਉਨ੍ਹਾਂ ਮੂਰਤਾਂ ਵਾਂਗ ਮ੍ਰਿਤ ਅਤੇ ਕਿਰਿਆਹੀਣ ਨਹੀਂ ਹੈ, ਜਿਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਚੁੱਕ ਕੇ ਲੈ ਜਾਣਾ ਪੈਂਦਾ ਹੈ (ਯਹੋਸ਼ੁਆ 3:10; ਯਿਰਮਿਯਾਹ 10:1–7)। ਪਰਮੇਸ਼ੁਰ “ਸੱਚਾ” ਹੈ, ਜਾਂ ਅਸਲ ਹੈ, ਉਨ੍ਹਾਂ ਮੂਰਤਾਂ ਵਾਂਗ ਨਹੀਂ ਹੈ ਜੋ ਕੇਵਲ ਕਲਪਨਾਵਾਂ ਦਾ ਨਤੀਜਾ ਹਨ (1 ਕੁਰਿੰਥੀਆਂ 8:4–6)।

ਥੱਸਲੁਨੀਕੀ ਲੋਕ ਇਸ ਸੱਚੇ ਪਰਮੇਸ਼ੁਰ ਦੀ ਸੇਵਾ ਕਰਨ ਲਈ ਉਸ ਵੱਲ ਮੁੜ ਗਏ ਸਨ। ਯੂਨਾਨੀ ਸ਼ਬਦ δουλεύω (*ਡੋਲੇਓ*), ਜਿਸ ਦਾ ਅਨੁਵਾਦ **ਸੇਵਾ ਕਰੋ** ਕੀਤਾ ਗਿਆ ਹੈ, ਦਾ ਅਸਲ ਅਰਥ ਹੈ ਇੱਕ “ਗੁਲਾਮ ਵਾਂਗ” ਸੇਵਾ ਕਰਨਾ ਅਤੇ ਇਹ ਸੇਵਾ ਨਿਰੰਤਰ ਚੱਲਦੇ ਰਹਿਣ ਵਾਲੀ ਸੇਵਾ ਹੈ। ਮਸੀਹਤ ਦਾ ਅਰਥ ਹੈ, ਇਸ ਧਰਤੀ ’ਤੇ ਬਚੇ ਬਾਕੀ ਦੇ ਜੀਵਨ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਦੇ ਦੇਣਾ (ਰੋਮੀਆਂ 6:15–18)। ਯਿਸੂ ਨੇ ਅਜਿਹੀ ਸੇਵਾ ਦਾ ਇੱਕ ਬਹੁਤ ਵਧੀਆ ਨਮੂਨਾ ਪੇਸ਼ ਕੀਤਾ (ਮੱਤੀ 20:28)। ਜੇਕਰ ਇਸ ਮਸਲੇ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ, ਤਾਂ ਸਾਡੀ ਸੇਵਾ ਅਨੰਦਮਈ ਹੋ ਜਾਵੇਗੀ।

**ਆਇਤ 10.** ਆਇਤ 9 ਵਿੱਚ ਥੱਸਲੁਨੀਕੀਆਂ ਨੂੰ ਸੇਵਾ ਕਰਦੇ ਵੇਖਿਆ ਗਿਆ ਸੀ। ਇੱਥੇ ਵੇਖਿਆ ਗਿਆ ਹੈ ਕਿ ਉਹ ਉਡੀਕ ਕਰਦੇ ਹੋਏ ਸੇਵਾ ਕਰ ਰਹੇ ਹਨ। **ਉਡੀਕ** ਸ਼ਬਦ ਯੂਨਾਨੀ ਦੇ ਸ਼ਬਦ ἀναμένω (*ਅਨਾਮੇਨੋ*) ਤੋਂ ਹੈ। ਉਹ ਯਿਸੂ ਦੀ ਵਾਪਸੀ ਦੀ ਉਡੀਕ ਕਰ ਰਹੇ ਸਨ। ਰੋਬਰਟਸਨ ਨੇ ਆਖਿਆ ਕਿ *ਅਨੇਮੇਨੇਅਨ* ਵਰਤਮਾਨ ਕਿਰਿਆ ਦਾ ਸਧਾਰਨ ਰੂਪ ਹੈ ਅਤੇ ਲੰਮਾ ਚੱਲਣ ਵਾਲੀ ਕਿਰਿਆ ਨੂੰ ਦਰਸਾਉਂਦਾ ਹੈ, ਇਸ ਕਰਕੇ ਇਸ ਦਾ ਅਰਥ ਹੈ “ਕਿਸੇ ਦੀ ਉਡੀਕ ਕਰਦੇ ਰਹਿਣਾ।”[8] ਮਸੀਹੀ ਲੋਕ ਮਸੀਹ ਦੀ ਵਾਪਸੀ ਦੀ “ਹਮੇਸ਼ਾ ਬਣੇ ਰਹਿਣ ਵਾਲੀ ਤਾਂਘ” ਲਗਾਈ ਬੈਠੇ ਹਨ।

ਇਨ੍ਹਾਂ ਆਇਤਾਂ ਵਿੱਚ ਉਹ ਕੁਝ ਗੱਲਾਂ ਦੁਹਰਾਈਆਂ ਗਈਆਂ ਹਨ, ਜਿਨ੍ਹਾਂ ਦਾ ਪ੍ਰਚਾਰ ਪੌਲੁਸ ਉਨ੍ਹਾਂ ਨੂੰ ਕਰ ਚੁੱਕਾ ਸੀ। (ਹੋਰਨਾਂ ਗੈਰਕੌਮਾਂ ਨੂੰ ਕੀਤੇ ਗਏ ਪ੍ਰਚਾਰ ਲਈ ਰਸੂਲਾਂ ਦੇ ਕਰਤੱਬ 14:15–17; 17:22–31 ਵੇਖੋ।) ਯਿਸੂ ਨੇ ਪ੍ਰਤਿੱਗਿਆ ਕੀਤੀ ਹੈ ਕਿ ਉਹ ਵਾਪਿਸ ਆਵੇਗਾ (ਯੂਹੰਨਾ 14:3) ਅਤੇ ਉਸ ਦੀ ਵਾਪਸੀ ਆਗਿਆਕਾਰੀ ਲੋਕਾਂ ਲਈ ਬਹੁਤ ਵੱਡੀ ਬਰਕਤ ਹੋਵੇਗੀ, ਸੋ ਇਸ ਕਰਕੇ ਉਹ ਉਸ ਦੀ “ਉਡੀਕ” ਕਰਦੇ ਹਨ (ਫ਼ਿਲਿੱਪੀਆਂ 3:20)। ਇਸ ਕਾਰਨ, ਪਰਿਪੱਕ ਮਸੀਹੀ ਪਰਮੇਸ਼ੁਰ ਦੇ ਅਦੁੱਤੀ **ਪੁੱਤਰ** ਦੀ ਵਾਪਸੀ ਦੀ ਅਮਿੱਟ ਤਾਂਘ ਨੂੰ ਮਹਿਸੂਸ ਕਰਦੇ ਆਏ ਹਨ। ਉਸ ਦੇ ਅਲੌਕਿਕ ਹੋਣ ਦਾ ਪ੍ਰਮਾਣ ਉਸੇ ਵੇਲੇ ਮਿਲ ਗਿਆ ਸੀ ਜਦੋਂ ਉਸ ਨੂੰ **ਓਨ** [ਪਿਤਾ ਨੇ] **ਮੁਰਦਿਆਂ ਵਿੱਚੋਂ ਜਿਵਾਲਿਆ** (1 ਪਤਰਸ 1:3; ਰਸੂਲਾਂ ਦੇ ਕਰਤੱਬ 2:24–33)। ਮ੍ਰਿਤ ਮੂਰਤਾਂ ਦੀ ਤੁਲਨਾ ਵਿੱਚ ਅਸੀਂ ਇਸ ਪ੍ਰੇਮੀ

ਯਿਸੂ ਦੀ ਅਰਾਧਨਾ ਕਰਦੇ ਹਾਂ।

ਇਹ ਉਹੀ ਯਿਸੂ ਹੈ ਜੋ **ਸਾਨੂੰ ਆਉਣ ਵਾਲੇ ਕ੍ਰੋਧ ਤੋਂ ਬਚਾ ਲੈਂਦਾ ਹੈ**, ਕਿਉਂਕਿ ਅਸੀਂ ਬਹੁਤ ਭਾਰੀ ਖਤਰੇ ਵਿੱਚ ਸਾਂ। ਹਾਲਾਂਕਿ ਇਹ ਜ਼ਿਆਦਾ ਹਰਮਨਪਿਆਰਾ ਵਿਚਾਰ ਤਾਂ ਨਹੀਂ ਹੈ, ਪਰ ਫਿਰ ਵੀ, ਨਰਕ ਵਿੱਚ ਵਿਨਾਸ਼ ਅਤੇ ਸਦੀਪਕ ਸਜ਼ਾ ਦਾ ਵਿਚਾਰ ਪੂਰੀ ਤਰ੍ਹਾਂ ਬਾਈਬਲ 'ਤੇ ਅਧਾਰਿਤ ਹੈ। ਇੱਥੇ ਇਸ ਗੱਲ ਨੂੰ ਫਿਰ ਤੋਂ ਦ੍ਰਿੜ੍ਹ ਕੀਤਾ ਗਿਆ ਹੈ ਕਿ ਸਮੇਂ ਦੇ ਅੰਤ ਵਿੱਚ ਪਰਮੇਸ਼ੁਰ ਅਣਆਗਿਆਕਾਰੀਆਂ 'ਤੇ ਆਪਣਾ ਕ੍ਰੋਧ ਪਾਵੇਗਾ। ਪਰਮੇਸ਼ੁਰ ਦਾ ਕ੍ਰੋਧ ਮਨੁੱਖੀ ਕ੍ਰੋਧ ਵਾਂਗ ਬਦਲੇ ਦੀ ਭਾਵਨਾ ਜਾਂ ਬੇਕਾਬੂ ਕ੍ਰੋਧ ਨਹੀਂ ਹੈ; ਸਗੋਂ ਇਹ ਗਲਤ ਅਤੇ ਦੁਸ਼ਟਤਾ ਦੇ ਵਿਰੁੱਧ ਉੱਠਣ ਵਾਲੀ ਇੱਕ ਜਬਰਦਤਸ ਭਾਵਨਾ ਹੈ, ਜੋ "ਹਿਸਾਬ ਦੇਣ" ਦੀ ਮੰਗ ਕਰਦੀ ਹੈ। ਜਿਸ ਤਰ੍ਹਾਂ ਉਸ ਦਾ ਪ੍ਰੇਮ ਸਾਡੇ ਪ੍ਰੇਮ ਨਾਲੋਂ ਡੂੰਘਾ ਹੈ, ਉਸੇ ਤਰ੍ਹਾਂ ਉਸ ਦਾ ਕ੍ਰੋਧ ਸਾਡੇ ਕ੍ਰੋਧ ਨਾਲੋਂ ਜ਼ਿਆਦਾ ਭਿਆਣਕ ਹੈ। ਹੋਰ ਆਇਤਾਂ ਵੀ ਇਸ ਕ੍ਰੋਧ ਬਾਰੇ ਗੱਲ ਕਰਦੀਆਂ ਹਨ, ਜਿਸ ਨੂੰ ਅਣਆਗਿਆਕਾਰੀਆਂ ਉੱਤੇ ਪਾਇਆ ਜਾਵੇਗਾ (2:16; ਰਸੂਲਾਂ ਦੇ ਕਰਤੱਬ 17:28–31; ਰੋਮੀਆਂ 2:5–8)। ਪਰਮੇਸ਼ੁਰ ਨਹੀਂ ਚਾਹੁੰਦਾ ਕਿ ਮਨੁੱਖ ਇਸ ਤਰ੍ਹਾਂ ਕਸ਼ਟ ਭੋਗੇ। ਉਹ ਚਾਹੁੰਦਾ ਹੈ ਕਿ ਉਹ ਇਸ ਸਜ਼ਾ ਤੋਂ ਬਚ ਜਾਣ; ਸੋ ਉਸ ਨੇ ਮਸੀਹ ਦੇ ਰਾਹੀਂ ਬਚ ਨਿਕਲਣ ਦਾ ਇੱਕ ਰਾਹ ਤਿਆਰ ਕੀਤਾ ਹੈ। ਥੱਸਲੁਨੀਕੀ ਮਸੀਹੀ (ਅਤੇ ਸਾਰੇ ਵਿਸ਼ਵਾਸਯੋਗ ਮਸੀਹੀ) ਇਸ ਯਿਸੂ ਦੇ ਰਾਹੀਂ ਉਸ ਕ੍ਰੋਧ ਤੋਂ "ਬਚਾ" ਲਏ ਗਏ ਹਨ।

# ਪ੍ਰਾਸੰਗਿਕਤਾ

ਕਈ ਵਰ੍ਹੇ ਪਹਿਲਾਂ ਖੁਸ਼ਖਬਰੀ ਦਾ ਇੱਕ ਪ੍ਰਚਾਰਕ ਇੱਕ ਸਭਾ ਵਿੱਚ ਪ੍ਰਚਾਰ ਕਰਨ ਲਈ ਜਾਣ ਵਾਸਤੇ ਰੇਲਗੱਡੀ ਵਿੱਚ ਜਾ ਰਿਹਾ ਸੀ। ਰੇਲਗੱਡੀ ਵਿੱਚ ਉਸ ਦੇ ਸਾਹਮਣੇ ਵਾਲੀ ਸੀਟ 'ਤੇ ਇੱਕ ਡਿਨੋਮਿਨੇਸ਼ਨ ਦਾ ਪ੍ਰਚਾਰਕ ਬੈਠਾ ਸੀ। ਯਾਤਰਾ ਦੇ ਦੌਰਾਨ ਪ੍ਰਭੂ ਦੀ ਵਾਪਸੀ ਬਾਰੇ ਉਨ੍ਹਾਂ ਵਿਚਕਾਰ ਗੱਲਬਾਤ ਸ਼ੁਰੂ ਹੋ ਗਈ। ਡਿਨੋਮਿਨੇਸ਼ਨ ਦੇ ਪ੍ਰਚਾਰਕ ਨੇ ਆਖਿਆ, "ਪ੍ਰਭੂ ਨੇ ਮੈਨੂੰ ਦੱਸਿਆ ਹੈ ਕਿ ਉਹ ਅਗਲੇ ਤਿੰਨ ਵਰ੍ਹਿਆਂ ਦੇ ਵਿੱਚ-ਵਿੱਚ ਵਾਪਿਸ ਆ ਜਾਵੇਗਾ।" ਖੁਸ਼ਖਬਰੀ ਦੇ ਪ੍ਰਚਾਰਕ ਨੇ ਜਵਾਬ ਦਿੱਤਾ, "ਪ੍ਰਭੂ ਨੇ ਮੈਨੂੰ ਮਰਕੁਸ 13:32, 33 ਵਿਚ ਦੱਸਿਆ ਹੈ ਕਿ ਉਸ ਨੇ ਤੁਹਾਨੂੰ ਇਹ ਨਹੀਂ ਦੱਸਿਆ।" ਹਾਂ, ਖੁਸ਼ਖਬਰੀ ਦਾ ਪ੍ਰਚਾਰਕ ਸਹੀ ਸੀ। ਕੋਈ ਨਹੀਂ ਜਾਣਦਾ ਕਿ ਯਿਸੂ ਕਦੋਂ ਵਾਪਿਸ ਆਵੇਗਾ, ਪਰ ਪੌਲੁਸ ਵੱਲੋਂ ਥੱਸਲੁਨੀਕੀਆਂ ਨੂੰ ਲਿਖੇ ਗਏ ਦੋ ਪੱਤਰਾਂ ਤੋਂ ਅਸੀਂ ਪ੍ਰਭੂ ਦੀ ਵਾਪਸੀ ਬਾਰੇ ਬਹੁਤ ਕੁਝ ਸਿੱਖ ਸਕਦੇ ਹਾਂ।

ਪਹਿਲਾ ਅਤੇ ਦੂਜਾ ਥੱਸਲੁਨੀਕੀਆਂ ਯਿਸੂ ਦੀ ਵਾਪਸੀ 'ਤੇ ਕੇਂਦਰਿਤ ਹਨ। ਪਹਿਲਾ ਥੱਸਲੁਨੀਕੀਆਂ ਦੂਜੀ ਆਮਦ ਦਾ ਇੱਕ ਸੰਤੁਲਤ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਇਹ ਪਾਠਕਾਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਉਸ ਸਮੇਂ ਵੱਲ ਵੇਖਣ ਜਦੋਂ ਉਨ੍ਹਾਂ ਨੇ ਯਿਸੂ ਨੂੰ ਕਬੂਲ ਕੀਤਾ ਸੀ (1:1—3:13), ਉਹ ਆਪਣੇ ਸਮਰਪਣ ਨੂੰ ਵੇਖਣ (4:1–12) ਅਤੇ ਮਸੀਹ ਦੀ ਵਾਪਸੀ ਦੀ ਉਡੀਕ ਕਰਨ (4:13—5:11)।

### ਪਰਕਾਸ਼ ਦੀ ਪ੍ਰਕਿਰਿਆ (1:1)

ਪਵਿੱਤਰ ਸ਼ਾਸਤਰ ਦੇ ਵੱਡੇ ਭੇਤਾਂ ਵਿੱਚੋਂ ਇੱਕ ਉਹ ਪ੍ਰਕਿਰਿਆ ਹੈ ਜਿਸ ਦੇ ਰਾਹੀਂ ਉਹ ਹੋਂਦ ਵਿੱਚ ਆਏ ਹਨ। ਹਾਲਾਂਕਿ ਅਸੀਂ ਉਹ ਨਿੱਕੇ-ਨਿੱਕੇ ਵੇਰਵੇ ਤਾਂ ਨਹੀਂ ਜਾਣ ਸਕਦੇ ਜੋ

ਪਰਮੇਸ਼ੁਰ ਨੇ ਉਪਲਬਧ ਕਰਵਾਏ ਸਨ, ਪਰ ਫਿਰ ਵੀ ਅਸੀਂ ਇਸ ਦੇ ਵਿਆਪਕ ਖੇਤਰ ਨੂੰ ਜਾਣ ਸਕਦੇ ਹਾਂ।

ਪਰਮੇਸ਼ੁਰ ਜਿਸ ਤਰੀਕੇ ਨਾਲ ਸਾਡੇ ਕੋਲ ਵਚਨ ਲੈ ਕੇ ਆਇਆ ਹੈ, ਉਹ 1 ਥੱਸਲੁਨੀਕੀਆਂ ਦੀ ਪਹਿਲੀ ਆਇਤ ਵਿੱਚ ਪਰਗਟ ਹੋ ਜਾਂਦਾ ਹੈ।

*ਪਰਮੇਸ਼ੁਰ ਨੇ ਆਪਣਾ ਪਰਕਾਸ਼ ਪਵਿੱਤਰ ਆਤਮਾ ਦੇ ਰਾਹੀਂ ਦਿੱਤਾ* । ਇਹ ਸੱਚਾਈ ਇਸ ਆਇਤ 1 ਵਿੱਚ ਕੇਵਲ ਇੱਕ ਸੰਕੇਤ ਜਾਪਦੀ ਹੈ, ਪਰ ਆਇਤ 5 ਵਿੱਚ ਇਹ ਇੱਕ ਦ੍ਰਿੜ੍ਹਤਾ ਬਣ ਜਾਂਦੀ ਹੈ। ਇੱਥੇ ਅਸੀਂ ਬਾਈਬਲ ਦੇ ਪਰਕਾਸ਼ ਦੇ ਅਰੰਭ ਨੂੰ ਵੇਖਦੇ ਹਾਂ।

ਪੌਲੁਸ ਨੇ ਥੱਸਲੁਨੀਕੀ ਮਸੀਹੀਆਂ ਨੂੰ ਚੇਤੇ ਕਰਾਇਆ ਕਿ ਇਹ ਪੱਤਰ ਉਨ੍ਹਾਂ ਦੇ ਲਈ ਪ੍ਰਭੂ ਦੀ ਸੌਂਹ ਦੇ ਨਾਲ ਆਇਆ ਹੈ। ਇਹ ਸਾਰੀ ਕਲੀਸਿਯਾ ਦੇ ਲਈ ਸੀ (1 ਥੱਸਲੁਨੀਕੀਆਂ 5:27)। ਕਲੀਸਿਯਾ ਨੂੰ ਖਾਸਤੌਰ ’ਤੇ ਉਨ੍ਹਾਂ ਉੱਤੇ ਨਿਗਾਹ ਰੱਖਣੀ ਸੀ ਜਿਹੜੇ ਇਨ੍ਹਾਂ ਪੱਤਰਾਂ ਦੀ ਪਾਲਣਾ ਨਹੀਂ ਕਰਦੇ (2 ਥੱਸਲੁਨੀਕੀਆਂ 3:14)। ਜਿਵੇਂ ਕਿ ਉਸ ਨੇ ਕੁਲੁੱਸੀਆਂ ਨੂੰ ਆਖਿਆ ਸੀ, ਉਵੇਂ ਹੀ ਇੱਥੇ ਵੀ ਇਹ ਪੱਤਰ ਸਾਰੀ ਮੰਡਲੀ ਦੇ ਸਾਹਮਣੇ ਜਨਤਕ ਤੌਰ ’ਤੇ ਪੜ੍ਹੇ ਜਾਣੇ ਸਨ (ਕੁਲੁੱਸੀਆਂ 4:16)। ਪੌਲੁਸ ਦੇ ਨਿਰਦੇਸ਼ ਇਨ੍ਹਾਂ ਪੱਤਰਾਂ ਦੇ ਮਗਰ ਪਵਿੱਤਰ ਆਤਮਾ ਦੀ ਪ੍ਰੇਰਣਾ ਵੱਲ ਇਸ਼ਾਰਾ ਕਰਦੇ ਹਨ।

*ਉਸ ਦੇ ਪਰਕਾਸ਼ ਸਾਡੇ ਕੋਲ ਮਨੁੱਖੀ ਸਾਧਨਾਂ ਰਾਹੀਂ ਆਏ।* ਪਰਮੇਸ਼ੁਰ ਨੇ ਆਪਣੀ ਇੱਛਾ ਦੀ ਪੂਰਤੀ ਲਈ ਮਨੁੱਖਾਂ ਨੂੰ ਇਸਤੇਮਾਲ ਕੀਤਾ। ਜਿਵੇਂ ਕਿ ਪੌਲੁਸ ਨੇ ਥੱਸਲੁਨੀਕੇ ਦੀ ਕਲੀਸਿਯਾ ਨੂੰ ਲਿਖਿਆ, ਪਰਮੇਸ਼ੁਰ ਨੇ ਪ੍ਰੇਰਣਾ ਪਾਏ ਇਸ ਹਰਕਾਰੇ ਦਾ ਪਵਿੱਤਰ ਆਤਮਾ ਰਾਹੀਂ ਅਤੇ ਦੁਆਰਾ ਮਾਰਗਦਰਸ਼ਨ ਕੀਤਾ। ਇੱਥੇ ਅਸੀਂ ਪਰਕਾਸ਼ ਦਾ ਜ਼ਰੀਆ ਵੇਖ ਸਕਦੇ ਹਾਂ।

*ਪਰਮੇਸ਼ੁਰ ਨੇ ਲਿਖਤਾਂ ਦੇ ਜ਼ਰੀਏ ਆਪਣਾ ਵਚਨ ਸਾਨੂੰ ਦਿੱਤਾ।* ਇਹ ਇੱਕ ਲਿਖਤ ਸੰਦੇਸ਼ ਸੀ, ਇੱਕ ਪਰਕਾਸ਼ ਜਿਸ ਨੂੰ ਆਪਣੇ ਹੱਥ ਵਿੱਚ ਫੜ ਕੇ ਪੜ੍ਹਿਆ ਜਾ ਸਕਦਾ ਸੀ। ਇਸ ਵਿਚਾਰ ਵਿੱਚ ਅਸੀਂ ਪਰਕਾਸ ਦੇ ਸਾਧਨ ਨੂੰ ਵੇਖ ਸਕਦੇ ਹਾਂ। ਪਰਮੇਸ਼ੁਰ ਸਾਡੇ ਮਨਾਂ ਦੇ ਰਾਹੀਂ ਸਾਨੂੰ ਭਾਲਦਾ ਹੈ; ਉਹ ਚਾਹੁੰਦਾ ਹੈ ਕਿ ਅਸੀਂ ਪੜ੍ਹੀਏ, ਸਮਝੀਏ ਅਤੇ ਫਿਰ ਉਸ ਦੇ ਸੰਦੇਸ਼ ਦੇ ਅਨੁਸਾਰ ਕੰਮ ਕਰੀਏ।

*ਰੱਬੀ ਪਰਕਾਸ਼ ਇੱਕ ਮੌਕੇ ਦੇ ਰਾਹੀਂ ਆਇਆ।* ਪਰਮੇਸ਼ੁਰ ਨੇ ਇਸ ਪਰਕਾਸ਼ ਦੀ ਵਰਤੋਂ ਇੱਕ ਸਥਾਨਕ ਮੰਡਲੀ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਕੀਤੀ, ਤਾਂ ਜੋ ਇਸ ਸੱਚਾਈ ਨੂੰ ਉਜਾਗਰ ਕਰੇ ਜਿਸ ਦੀ ਲੋੜ ਸਾਰੇ ਸੰਸਾਰ ਵਿੱਚ ਹੈ। ਉਸ ਨੇ ਇੱਕ ਖਾਸ ਗੱਲ ਨੂੰ ਲੈ ਕੇ ਸਭਨਾਂ ਲਈ ਦੇ ਦਿੱਤਾ। ਏ. ਟੀ. ਰੋਬਰਟਸਨ ਨੇ ਆਖਿਆ, “ਪੌਲੁਸ ਦੇ ਪੱਤਰ ਹਰ ਸਮੇਂ ਦੇ ਲਈ ਲਿਖੇ ਗਏ ਲੇਖ ਹਨ . . . ਜਿਨ੍ਹਾਂ ਨੂੰ ਅਸਲ ਹੰਗਾਮੀ ਹਾਲਾਤਾਂ ਨਾਲ ਨਜਿੱਠਣ ਲਈ ਲਿਖਿਆ ਗਿਆ ਹੈ।”[9]

ਪੌਲੁਸ ਥੱਸਲੁਨੀਕੀਆਂ ਨੂੰ ਲੈ ਕੇ ਚਿੰਤਤ ਸੀ, ਜੋ ਉਸ ਵੇਲੇ ਸਤਾਓ ਦਾ ਸਾਹਮਣਾ ਕਰ ਰਹੇ ਸਨ। ਉਹ ਨਿਹਚਾ ਵਿੱਚ ਨਵੇਂ ਸਨ ਅਤੇ ਉਨ੍ਹਾਂ ਨੂੰ ਬਹੁਤ ਗਲਤਫਹਿਮੀਆਂ ਸਨ, ਖਾਸਤੌਰ ’ਤੇ ਯਿਸੂ ਦੀ ਵਾਪਸੀ ਬਾਰੇ। ਪੌਲੁਸ ਨੇ ਇਸ ਪਹਿਲੇ ਪੱਤਰ ਨੂੰ ਅਜਿਹੀਆਂ ਹੀ ਕੁਝ ਗਲਤਫਹਿਮੀਆਂ ਦੂਰ ਕਰਨ ਲਈ ਲਿਖਿਆ ਸੀ। ਇੱਥੇ ਅਸੀਂ ਇਨ੍ਹਾਂ ਹਾਲਾਤਾਂ ਨੂੰ ਵੇਖਦੇ ਹਾਂ ਜਿਨ੍ਹਾਂ ਨੇ ਪਰਮੇਸ਼ੁਰ ਦੇ ਪਰਕਾਸ਼ ਦੇ ਇਸ ਹਿੱਸੇ ਨੂੰ ਜਨਮ ਦਿੱਤਾ।

ਪਰਮੇਸ਼ੁਰ ਦਾ ਪਰਕਾਸ਼ ਕਿੰਨਾ ਮਹਾਨ ਹੈ! ਇਸ ਤੋਂ ਬਿਨਾ ਅਸੀਂ ਸਾਡੇ ਲਈ ਉਸ ਦੀ

ਇੱਛਾ ਨੂੰ ਜਾਣਨ ਦੀ ਉਮੀਦ ਵੀ ਨਹੀਂ ਕਰ ਸਕਦੇ। ਇਸ ਦੇ ਨਾਲ ਸਾਨੂੰ ਸਮੇਂ ਅਤੇ ਸਦੀਪਕਤਾ ਵਿੱਚ ਉਸ ਦਾ ਸਿੱਧ ਮਾਰਗਦਰਸ਼ਨ ਮਿਲਦਾ ਹੈ। ਇਸ ਨੂੰ ਮਨੁੱਖ ਦੇ ਵਚਨ ਵਜੋਂ ਨਹੀਂ, ਪਰ ਪਰਮੇਸ਼ੁਰ ਦੇ ਵਚਨ ਵਡੋਂ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। EC

**ਮਸੀਹੀ ਕੌਣ ਹੁੰਦਾ ਹੈ? (1:1)**

ਇਹ ਅਨਾਦੀ ਮਹੱਤਵ ਦਾ ਪ੍ਰਸ਼ਨ ਹੈ, ਜਿਸ ਦਾ ਉੱਤਰ ਅਸੀਂ ਬੜੀ ਸਾਵਧਾਨੀ ਨਾਲ ਦੇਣਾ ਹੈ, ਕਿਉਂਕਿ ਸਾਡੇ ਉੱਤਰ ਵਿੱਚ ਕੇਵਲ ਪਰਮੇਸ਼ੁਰ ਦਾ ਉੱਤਰ ਹੀ ਦਿਖਾਈ ਦੇਣਾ ਚਾਹੀਦਾ ਹੈ। ਇਸ ਪੱਤਰ ਵਿਚਲੇ ਪੌਲੁਸ ਦੇ ਅਰੰਭਕ ਸ਼ਬਦ ਸਾਨੂੰ ਮਸੀਹੀ ਹੋਣ ਦੇ ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਦੀ ਝਲਕ ਦਿੰਦੇ ਹਨ।

*ਮਸੀਹੀ ਉਹ ਹੁੰਦਾ ਹੈ ਜੋ ਕਲੀਸਿਯਾ ਦਾ ਹਿੱਸਾ ਹੁੰਦਾ ਹੈ।* ਪੌਲੁਸ ਦੇ ਅਨੁਸਾਰ ਕੋਈ ਵੀ ਵਿਅਕਤੀ ਕਲੀਸਿਯਾ ਦਾ ਹਿੱਸਾ ਬਣੇ ਬਿਨਾ ਮਸੀਹੀ ਨਹੀਂ ਹੋ ਸਕਦਾ। ਇਹ ਪੱਤਰ ਉਨ੍ਹਾਂ ਨੂੰ ਲਿਖਿਆ ਗਿਆ ਹੈ ਜੋ ਥੱਸਲੁਨੀਕੇ ਦੀ ਕਲੀਸਿਯਾ ਦੇ ਮੈਂਬਰ ਹਨ। ਕਹਿਣ ਦਾ ਭਾਵ ਇਹ ਹੈ ਕਿ ਇਹ ਕਲੀਸਿਯਾ ਥੱਸਲੁਨੀਕੇ ਦੇ ਮਸੀਹੀਆਂ ਨਾਲ ਮਿਲ ਕੇ ਬਣੀ ਹੈ।

*ਮਸੀਹੀ ਉਹ ਹੁੰਦਾ ਹੈ ਜੋ ਰੱਬੀ ਖੇਤਰ ਵਿੱਚ ਰਹਿੰਦਾ ਹੈ।* ਪੌਲੁਸ ਨੇ ਆਖਿਆ ਕਿ ਕਲੀਸਿਯਾ ਪਰਮੇਸ਼ੁਰ ਵਿੱਚ ਅਤੇ ਪ੍ਰਭੂ ਯਿਸੂ ਵਿੱਚ ਸੀ। ਥੱਸਲੁਨੀਕੀਆਂ ਨੂੰ ਆਪਣਾ ਆਤਮਕ ਜੀਵਨ ਪਰਮੇਸ਼ੁਰ ਅਤੇ ਮਸੀਹ ਕੋਲੋਂ ਮਿਲਦਾ ਸੀ ਅਤੇ ਉਹ ਪਰਮੇਸ਼ੁਰ ਅਤੇ ਮਸੀਹ ਦੇ ਪ੍ਰਭਾਵ ਅਤੇ ਅਗਵਾਈ ਹੇਠ ਸਨ। ਕਲੀਸਿਯਾ ਵਜੋਂ ਉਹ ਪਰਮੇਸ਼ੁਰ ਅਤੇ ਮਸੀਹ ਦੇ ਨਾਲ ਐਨੀ ਨੇੜਤਾ ਨਾਲ ਜੁੜੇ ਹੋਏ ਸਨ ਕਿ ਉਨ੍ਹਾਂ ਬਾਰੇ ਇਹ ਆਖਿਆ ਜਾ ਸਕਦਾ ਹੈ ਭਈ ਉਹ ਪਰਮੇਸ਼ੁਰ ਅਤੇ ਮਸੀਹ *ਵਿੱਚ* ਜੀ ਰਹੇ ਸਨ। ਕਿੰਨਾ ਹੈਰਾਨੀਜਨਕ ਤੱਥ ਹੈ!

*ਮਸੀਹੀ ਉਹ ਹੁੰਦਾ ਹੈ ਜਿਸ ਨੂੰ ਪਰਮੇਸ਼ੁਰ ਕੋਲੋਂ ਆਤਮਕ ਅਸੀਸਾਂ ਮਿਲਦੀਆਂ ਹਨ।* ਪੌਲੁਸ ਉਨ੍ਹਾਂ ਨੂੰ ਖੁਲ੍ਹੇ ਤੌਰ ’ਤੇ ਕਿਰਪਾ ਅਤੇ ਸ਼ਾਂਤੀ ਬੋਲ ਸਕਿਆ। ਸ਼ਾਂਤੀ ਦਾ ਅਰਥ ਕੇਵਲ ਯੁੱਧ ਨਾ ਹੋਣਾ ਨਹੀਂ ਹੈ। ਨਵੇਂ ਨੇਮ ਵਿੱਚ ਇਹ ਪਰਮੇਸ਼ੁਰ ਅਤੇ ਮਨੁੱਖਜਾਤੀ ਵਿਚਕਾਰ ਇੱਕ ਸੁਮੇਲ ਸੀ, ਜਿਸ ਦਾ ਨਤੀਜਾ ਮਨੁੱਖ ਦੀ ਚੰਗਾਈ ਅਤੇ ਤਰੱਕੀ ਸੀ।

ਕਿਰਪਾ ਅਤੇ ਸ਼ਾਂਤੀ ਕੇਵਲ ਉਨ੍ਹਾਂ ਨੂੰ ਮਿਲਦੀ ਹੈ ਜੋ *ਮਸੀਹ ਵਿੱਚ* ਹਨ। ਪੌਲੁਸ ਨੂੰ ਇਹ ਨਹੀਂ ਆਖਣਾ ਪਿਆ, “ਸਾਨੂੰ ਉਮੀਦ ਹੈ ਕਿ ਤੁਸੀਂ ਮਸੀਹ ਵਿੱਚ ਆ ਜਾਵੋਗੇ ਅਤੇ ਉਸ ਦੀਆਂ ਅਸੀਸਾਂ ਪ੍ਰਾਪਤ ਕਰ ਲਵੋਗੇ।” ਉਹ ਤਾਂ ਮਸੀਹ ਵਿੱਚ ਆ ਚੁੱਕੇ ਸਨ ਅਤੇ ਇਹ ਬੇਨਤੀ ਕਰਕੇ ਪੌਲੁਸ ਉਨ੍ਹਾਂ ਤੱਕ ਆਪਣਾ ਪ੍ਰੇਮ ਪੁਚਾ ਸਕਿਆ ਕਿ ਪਰਮੇਸ਼ੁਰ ਨੇ ਜਿਹੜੀ ਕਿਰਪਾ ਅਤੇ ਸ਼ਾਂਤੀ ਉਨ੍ਹਾਂ ਨੂੰ ਦਿੱਤੀ ਹੈ ਉਸ ਦੇ ਲਈ ਉਹ ਆਪਣੇ ਹਿਰਦੇ ਖੋਲ੍ਹਣ।

*ਮਸੀਹੀ ਉਹ ਹੁੰਦਾ ਹੈ ਜੋ ਮਸੀਹ ਦਾ ਪੈਰੋਕਾਰ ਹੁੰਦਾ ਹੈ।* ਪਰ ਜਦੋਂ ਕੋਈ ਸੱਚੇ ਤੌਰ ’ਤੇ ਮਸੀਹ ਦਾ ਪੈਰੋਕਾਰ ਬਣ ਜਾਂਦਾ ਹੈ, ਤਾਂ ਉਹ ਓਹ ਬਣ ਜਾਂਦਾ ਹੈ ਜਿਸ ਦੀ ਨਬੂਵਤ ਪੌਲੁਸ ਨੇ ਕੀਤੀ: ਮਸੀਹ ਦੀ ਦੇਹੀ ਦੇ ਨਾਲ ਇੱਕ, ਰੱਬੀ ਖੇਤਰ ਵਿੱਚ ਇੱਕ ਅਤੇ ਮਸੀਹ ਦੀਆਂ ਅਸੀਸਾਂ ਨੂੰ ਪ੍ਰਾਪਤ ਕਰਨ ਵਾਲਾ। EC

**ਦੂਜਿਆਂ ਦੇ ਲਈ ਪ੍ਰਾਰਥਨਾ ਕਰਨਾ (1:2, 3)**

ਪੌਲੁਸ ਨੇ ਥੱਸਲੁਨੀਕੀ ਮਸੀਹੀਆਂ ਨੂੰ ਚੇਤੇ ਕਰਾਇਆ ਕਿ ਉਹ ਆਪ, ਸੀਲਾਸ ਅਤੇ ਤਿਮੋਥਿਉਸ ਉਨ੍ਹਾਂ ਦੇ ਲਈ ਪ੍ਰਾਰਥਨਾ ਕਰ ਰਹੇ ਹਨ। ਉਸ ਨੇ ਦਰਸਾਇਆ ਕਿ ਅਸੀਂ ਇੱਕ

ਦੂਜੇ ਲਈ ਕਿਵੇਂ ਪ੍ਰਾਰਥਨਾ ਕਰ ਸਕਦੇ ਹਾਂ।

*ਅਜਿਹੀ ਪ੍ਰਾਰਥਨਾ ਜਿਹੜੀ ਇੱਕ-ਮਿੱਕ ਹਿਰਦਿਆਂ ਤੋਂ ਨਿਕਲਦੀ ਹੈ।* "ਅਸੀਂ" ਸ਼ਬਦ ਦਰਸਾਉਂਦਾ ਹੈ ਕਿ ਸਾਰੇ ਤਿੰਨੇ ਜਣੇ ਉਨ੍ਹਾਂ ਦੇ ਲਈ ਪ੍ਰਾਰਥਨਾ ਕਰ ਰਹੇ ਸਨ। ਤਿੰਨੇ ਜਣੇ ਇੱਕ ਹੋ ਕੇ ਪ੍ਰਾਰਥਨਾ ਕਰ ਰਹੇ ਸਨ। ਸ਼ਾਇਦ ਜਦ ਵੀ ਉਹ ਪ੍ਰਾਰਥਨਾ ਕਰਦੇ ਸਨ, ਇਨ੍ਹਾਂ ਨਵੇਂ ਵਿਸ਼ਵਾਸੀਆਂ ਨੂੰ ਚੇਤੇ ਕਰਦੇ ਸਨ। ਇੱਕ ਹੋ ਕੇ ਕੀਤੀ ਗਈ ਪ੍ਰਾਰਥਨਾ ਕਿੰਨੀ ਸ਼ਕਤੀਸ਼ਾਲੀ ਹੁੰਦੀ ਹੈ!

*ਅਜਿਹੀ ਪ੍ਰਾਰਥਨਾ ਜਿਹੜੀ ਵਿਸ਼ੇਸ਼ ਗੱਲ ਲਈ ਕੀਤੀ ਗਈ ਸੀ।* ਇੱਕ ਵਿਸ਼ੇਸ਼ ਗੱਲ ਦੱਸੀ ਗਈ ਹੈ ਜਿਸ ਦੇ ਲਈ ਉਹ ਧੰਨਵਾਦ ਦੇ ਰਹੇ ਸਨ—ਉਨ੍ਹਾਂ ਦਾ ਕਿਰਿਆਸ਼ੀਲ ਵਿਸ਼ਵਾਸ, ਮਿਹਨਤੀ ਪ੍ਰੇਮ ਅਤੇ ਦ੍ਰਿੜ੍ਹ ਆਸ। ਇੱਕ ਪ੍ਰਚਾਰਕ ਲਈ ਇਹ ਇੱਕ ਉਤਸ਼ਾਹਜਨਕ ਗੱਲ ਹੁੰਦੀ ਹੈ ਕਿ ਉਨ੍ਹਾਂ ਲੋਕਾਂ ਦੇ ਵਿੱਚ ਮਸੀਹੀ ਗੁਣ ਵਿਖਾਈ ਦੇ ਰਹੇ ਹਨ, ਜਿਨ੍ਹਾਂ ਨੂੰ ਉਹ ਪ੍ਰਭੂ ਵਿੱਚ ਲੈ ਕਿ ਆਇਆ ਸੀ।

*ਅਜਿਹੀ ਪ੍ਰਾਰਥਨਾ ਜੋ ਸਾਰੀ ਮੰਡਲੀ ਲਈ ਹੁੰਦੀ ਹੈ।* ਪ੍ਰਾਰਥਨਾ ਉਨ੍ਹਾਂ ਸਭਨਾਂ ਦੇ ਲਈ ਕੀਤੀ ਗਈ ਸੀ, ਕੇਵਲ ਇੱਕ ਜਾਂ ਦੋ ਜਣਿਆ ਲਈ ਨਹੀਂ। ਪਰਮੇਸ਼ੁਰ ਦੀ ਦ੍ਰਿਸ਼ਟੀ ਵਿੱਚ ਹਰੇਕ ਜਣਾ ਕੀਮਤੀ ਹੈ।

*ਅਜਿਹੀ ਪ੍ਰਾਰਥਨਾ ਜਿਹੜੀ ਲਗਾਤਾਰ ਕੀਤੀ ਗਈ ਸੀ।* ਉਨ੍ਹਾਂ ਨੇ ਇਨ੍ਹਾਂ ਦੇ ਲਈ ਲਗਾਤਾਰ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਕੇਵਲ ਇੱਕ ਮੌਕੇ 'ਤੇ ਇੱਕ ਵਾਰ ਪ੍ਰਾਰਥਨਾ ਨਹੀਂ ਕੀਤੀ, ਪਰ ਉਨ੍ਹਾਂ ਨੇ ਇਨ੍ਹਾਂ ਦੇ ਲਈ ਬਾਰ-ਬਾਰ ਪ੍ਰਾਰਥਨਾ ਕੀਤੀ। ਪੌਲੁਸ ਨੇ ਜੋ ਸਿਖਾਇਆ ਸੀ, ਉਸ ਦੇ ਅਨੁਸਾਰ ਆਪ ਵੀ ਕਰ ਰਿਹਾ ਸੀ, ਕਿਉਂਕਿ ਬਾਅਦ ਵਿੱਚ ਉਸ ਨੇ ਥੱਸਲੁਨੀਕੀਆਂ ਅੱਗੇ ਬੇਨਤੀ ਕੀਤੀ ਸੀ ਕਿ ਉਹ "ਨਿੱਤ ਪ੍ਰਾਰਥਨਾ" ਕਰਨ (5:17)। ਦੋਵੇਂ ਥਾਈਂ ਇੱਕੋ ਯੂਨਾਨੀ ਸ਼ਬਦ, ἀδιαλείπτως (*ਆਡਿਆਲੇਪਟੋਸ*), ਇਸਤੇਮਾਲ ਕੀਤਾ ਗਿਆ ਹੈ।

ਪੌਲੁਸ ਦੀ ਇਸ ਗੱਲ ਨੇ ਇਹ ਸਿਖਾਇਆ ਕਿ ਇੱਕ ਦੂਜੇ ਲਈ ਕਿਵੇਂ ਪ੍ਰਾਰਥਨਾ ਕੀਤੀ ਜਾਣੀ ਚਾਹੀਦੀ ਹੈ। ਨਿਸ਼ਚਿਤ ਤੌਰ 'ਤੇ ਇੱਕ ਦੂਜੇ ਲਈ ਜ਼ਿਆਦਾ ਪ੍ਰਾਰਥਨਾ ਕੀਤੀ ਜਾਣੀ ਚਾਹੀਦੀ ਹੈ! ਕੀ ਤੁਸੀਂ ਅਜਿਹਾ ਨਹੀਂ ਆਖ ਸਕਦੇ ਕਿ ਜਦੋਂ ਅਸੀਂ ਆਪਣੇ ਭਰਾਵਾਂ ਲਈ ਪ੍ਰਾਰਥਨਾ ਕਰਦੇ ਹਾਂ, ਉਦੋਂ ਅਸੀਂ ਆਪਣਾ ਸਰਬਉੱਤਮ ਕਰਦੇ ਹਾਂ? EC

**ਆਪਣੇ ਭਰਾਵਾਂ ਨੂੰ ਉਤਸ਼ਾਹਤ ਕਰਨਾ (1:2, 3)**

ਬਾਕੀ ਗੱਲਾਂ ਦੇ ਨਾਲ-ਨਾਲ ਪੌਲੁਸ ਨੇ ਥੱਸਲੁਨੀਕੀਆਂ ਨੂੰ ਉਤਸ਼ਾਹਤ ਕਰਨ ਲਈ ਲਿਖਿਆ। ਉਸ ਨੇ ਉਨ੍ਹਾਂ ਨੂੰ ਉਤਸ਼ਾਹਤ ਕਿਵੇਂ ਕੀਤਾ? ਕੀ ਸਾਡੇ ਕੋਲ ਵੀ ਅਜਿਹੇ ਉਤਸ਼ਾਹਤ ਕਰਨ ਵਾਲੇ ਸ਼ਬਦ ਹੁੰਦੇ ਹਨ?

*ਉਨ੍ਹਾਂ ਦੇ ਲਈ ਪ੍ਰਾਰਥਨਾ ਕਰਨ ਦੁਆਰਾ।* ਉਸ ਨੇ ਇਹ ਆਖਦਿਆਂ ਅਰੰਭ ਕੀਤਾ ਕਿ ਉਹ ਉਨ੍ਹਾਂ ਦੇ ਲਈ ਪ੍ਰਾਰਥਨਾ ਕਰ ਰਿਹਾ ਸੀ। ਜਦੋਂ ਭਾਈਆਂ ਨੂੰ ਪਤਾ ਲੱਗਦਾ ਹੈ ਕਿ ਅਸੀਂ ਸੱਚਮੁੱਚ ਉਨ੍ਹਾਂ ਦੇ ਲਈ ਪ੍ਰਾਰਥਨਾ ਕਰਦੇ ਹਾਂ ਤਾਂ ਉਨ੍ਹਾਂ ਨੂੰ ਉਤਸ਼ਾਹ ਅਤੇ ਅਸੀਸਾਂ ਮਿਲਦੀਆਂ ਹਨ।

*ਉਨ੍ਹਾਂ ਦੀ ਸ਼ਲਾਘਾ ਕਰਨ ਦੁਆਰਾ।* ਉਸ ਨੇ ਇੱਕ ਵਿਸ਼ਵਾਸਯੋਗ ਮਸੀਹੀ ਜੀਵਨ ਜੀਉਣ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਜਦੋਂ ਭਾਈ ਜਾਣਦੇ ਹਨ ਕਿ ਅਸੀਂ ਉਨ੍ਹਾਂ ਦੀ

ਵਿਸ਼ਵਾਸਯੋਗਤਾ ਤੋਂ ਜਾਣੂ ਹਾਂ, ਤਾਂ ਉਨ੍ਹਾਂ ਨੂੰ ਆਤਮਕ ਉਤਸ਼ਾਹ ਮਿਲਦਾ ਹੈ।

*ਉਨ੍ਹਾਂ ਨੂੰ ਚੇਤੇ ਕਰਾਉਣ ਦੁਆਰਾ।* ਉਸ ਨੇ ਉਨ੍ਹਾਂ ਨੂੰ ਦ੍ਰਿੜ੍ਹਤਾ ਦਿੱਤੀ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਚੁਣਿਆ ਹੋਇਆ ਹੈ। ਇਹ ਚੇਤੇ ਕਰਾਇਆ ਜਾਣਾ, ਕਿ ਸਾਡੀ ਗਿਣਤੀ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਵਿੱਚਕਾਰ ਹੁੰਦੀ ਹੈ, ਸਾਡੇ ਵਿਸ਼ਵਾਸ ਨੂੰ ਉਤਸ਼ਾਹ ਦਿੰਦਾ ਹੈ। ਪਰਮੇਸ਼ੁਰ ਉਨ੍ਹਾਂ ਸਭਨਾਂ ਨੂੰ ਬਚਾਉਣ ਦੀ ਚੋਣ ਕਰਦਾ ਹੈ, ਜਿਹੜੇ ਮਸੀਹ ਵਿੱਚ ਆਉਂਦੇ ਹਨ (ਅਫ਼ਸੀਆਂ 1:3, 4) ਅਤੇ ਉਹ ਸਾਨੂੰ ਆਪਣੀ ਖੁਸ਼ਖਬਰੀ ਦੇ ਰਾਹੀਂ ਚੁਣਿਆਂ ਹੋਇਆਂ ਵਿੱਚਕਾਰ ਗਿਣਦਾ ਹੈ।

ਹਰੇਕ ਮਸੀਹੀ ਨੂੰ ਆਪਣੇ ਭਾਈਆਂ ਅਤੇ ਭੈਣਾਂ ਨੂੰ ਉਤਸ਼ਾਹਤ ਕਰਦੇ ਰਹਿਣ ਦੀ ਲੋੜ ਹੈ, ਜਿਸ ਵੀ ਮਸੀਹੀ ਦੇ ਸੰਪਰਕ ਵਿੱਚ ਉਹ ਆਉਂਦੇ ਹਨ, ਉਨ੍ਹਾਂ ਨੂੰ ਉਤਸ਼ਾਹ ਦੇ ਸ਼ਬਦ ਬੋਲਣ ਦੀ ਲੋੜ ਹੈ। EC

**ਥੱਸਲੁਨੀਕੀਆਂ ਦੇ ਲਈ ਸ਼ੁਕਰਗੁਜ਼ਾਰੀ (1:1-3)**

ਪੌਲੁਸ ਨੇ ਆਪਣੇ ਪਾਠਕਾਂ ਦੇ ਪ੍ਰਤੀ ਸਕਾਰਾਤਮਕ ਰਵੱਈਆ ਦਰਸਾਇਆ। ਉਸ ਨੇ ਆਪਣੀਆਂ “ਪ੍ਰਾਰਥਨਾਵਾਂ” ਵਿੱਚ, ਕਦੇ-ਕਦੇ ਨਹੀਂ, ਸਗੋਂ “ਸਦਾ ਪਰਮੇਸ਼ੁਰ ਦਾ ਧੰਨਵਾਦ” ਦਿੱਤਾ (ਆਇਤ 2)। ਉਹ ਉਨ੍ਹਾਂ ਦੇ ਲਈ ਸ਼ੁਕਰਗੁਜ਼ਾਰ ਕਿਉਂ ਸੀ?

ਪੌਲੁਸ *ਉਨ੍ਹਾਂ ਦੇ “ਨਿਹਚਾ ਦੇ ਕੰਮ” ਲਈ ਸ਼ੁਕਰਗੁਜ਼ਾਰ* ਸੀ। ਨਿਹਚਾ ਕਿਰਿਆਹੀਣ ਨਹੀਂ ਹੁੰਦੀ। ਸੱਚਾ ਵਿਸ਼ਵਾਸ ਹਮੇਸ਼ਾ ਕੋਈ ਨਾ ਕੋਈ ਕੰਮ ਕਰਦਾ ਹੈ। ਯਾਕੂਬ ਨੇ ਲਿਖਿਆ, “ਮੈਂ ਆਪਣਿਆਂ ਅਮਲਾਂ ਨਾਲ ਤੈਨੂੰ ਆਪਣੀ ਨਿਹਚਾ ਵਿਖਾਵਾਂਗਾ” (ਯਾਕੂਬ 2:18)।

ਪੌਲੁਸ *ਉਨ੍ਹਾਂ ਦੇ “ਪ੍ਰੇਮ ਦੀ ਮਿਹਨਤ” ਲਈ ਸ਼ੁਕਰਗੁਜ਼ਾਰ* ਸੀ। ਆਇਤ 3 ਵਿੱਚ ਪ੍ਰੇਮ ਲਈ ਇਸਤੇਮਾਲ ਕੀਤਾ ਗਿਆ ਯੂਨਾਨੀ ਸ਼ਬਦ *ਅਗਾਪੇ* ਹੈ। ਇਸ ਸ਼ਬਦ ਦੀ ਵਰਤੋਂ ਅਕਸਰ ਨਵੇਂ ਨੇਮ ਵਿੱਚ ਮਸੀਹ ਦੇ ਪ੍ਰੇਮ ਨੂੰ ਦਰਸਾਉਣ ਲਈ ਕੀਤੀ ਗਈ ਹੈ। ਸਾਨੂੰ ਆਖਿਆ ਗਿਆ ਹੈ ਕਿ ਅਸੀਂ ਇਸ ਤਰ੍ਹਾਂ ਦੇ ਪ੍ਰੇਮ ਦੀ ਨਕਲ ਕਰੀਏ (ਵੇਖੋ ਅਫ਼ਸੀਆਂ 5:2)। ਥੱਸਲੁਨੀਕੀਆਂ ਨੇ ਮਸੀਹ ਦੇ ਪ੍ਰੇਮ ਦੀ ਨਕਲ ਕੀਤੀ ਅਤੇ ਇਸ ਦੇ ਲਈ ਪੌਲੁਸ ਉਨ੍ਹਾਂ ਦੀ ਸ਼ਲਾਘਾ ਕਰ ਰਿਹਾ ਸੀ।

ਪੌਲੁਸ *ਉਨ੍ਹਾਂ ਦੇ “ਆਸਾ ਦੇ ਧੀਰਜ” ਲਈ ਸ਼ੁਕਰਗੁਜ਼ਾਰ* ਸੀ। ਹਾਲਾਂਕਿ ਉਹ ਨਵੇਂ ਵਿਸ਼ਵਾਸੀ ਸਨ ਅਤੇ ਸਤਾਏ ਜਾ ਰਹੇ ਸਨ, ਤਦ ਵੀ ਉਨ੍ਹਾਂ ਦੀ ਆਸਾ ਨੇ ਉਨ੍ਹਾਂ ਨੂੰ ਧੀਰਜ ਸਿਖਾਇਆ। ਉਨ੍ਹਾਂ ਨੇ ਆਪਣੀਆਂ ਅੱਖਾਂ ਸਦੀਪਕ ਮਹਿਮਾ ਦੀ ਪ੍ਰਾਪਤੀ ’ਤੇ ਟਿਕਾਈ ਰੱਖੀਆਂ (ਵੇਖੋ ਰੋਮੀਆਂ 8:18–39)। ਇਹ ਆਸਾ ਪੂਰੀ ਤਰ੍ਹਾਂ ਨਾਲ “ਪ੍ਰਭੂ ਯਿਸੂ ਮਸੀਹ ਉੱਤੇ” ਸੀ, ਜੋ ਕਦੇ ਨਿਰਾਸ਼ ਨਹੀਂ ਕਰਦਾ (ਆਇਤ 3)।

ਇਨ੍ਹਾਂ ਨਵੇਂ ਵਿਸ਼ਵਾਸੀਆਂ ਦੇ ਲਈ ਪੌਲੁਸ ਦੀ ਸ਼ੁਕਰਗੁਜ਼ਾਰੀ “ਨਿਹਚਾ,” “ਪ੍ਰੇਮ” ਅਤੇ “ਆਸਾ” ’ਤੇ ਅਧਾਰਿਤ ਸੀ, ਜੋ ਕਿ ਤਿੰਨ ਪ੍ਰਮੁੱਖ ਮਸੀਹੀ ਕਿਰਪਾਵਾਂ ਹਨ ਜਿਹੜੀਆਂ ਬਾਰ-ਬਾਰ ਇਕੱਠੀਆਂ ਵੇਖੀਆਂ ਜਾਂਦੀਆਂ ਹਨ (ਵੇਖੋ 1 ਥੱਸਲੁਨੀਕੀਆਂ 5:8; 1 ਕੁਰਿੰਥੀਆਂ 13:13; ਕੁਲੁੱਸੀਆਂ 1:3–5)। ਪੌਲੁਸ ਨੇ ਆਪਣੇ ਭਾਈਆਂ ਦੇ ਚੰਗੇ ਉਦਾਹਰਣ ਦੇ ਲਈ ਪਰਮੇਸ਼ੁਰ ਦਾ ਬਹੁਤ ਧੰਨਵਾਦ ਕੀਤਾ। ਉਨ੍ਹਾਂ ਦਿਆਂ ਕੰਮਾਂ ਤੋਂ ਪੌਲੁਸ ਨੂੰ ਉਤਸ਼ਾਹ ਮਿਲਿਆ। ਸਾਨੂੰ ਵੀ ਆਪਣੇ ਸੰਗੀ ਮਸੀਹੀਆਂ ਦੇ ਚੰਗੇ ਉਦਾਹਰਣ ਤੋਂ ਉਤਸ਼ਾਹਿਤ ਹੋਣਾ ਚਾਹੀਦਾ ਹੈ।

ਪ੍ਰੇਰਣਾਦਾਈ *“ਨਿਹਚਾ ਦੇ ਕੰਮ”*—ਇੱਕ ਛੋਟੇ ਕਸਬੇ ਵਿੱਚ ਰਹਿਣ ਵਾਲਾ ਇੱਕ

ਐਲਡਰ, ਜੋ ਬਿਨਾ ਥੱਕੇ ਲੋਕਾਂ ਨੂੰ ਮਿਲਣ ਲਈ, ਉਤਸ਼ਾਹਤ ਕਰਨ ਲਈ ਅਤੇ ਸਿੱਖਿਆ ਦੇਣ ਲਈ ਹਰ ਪਾਸੇ ਜਾਂਦਾ ਹੈ। ਉਸ ਦੇ ਕੰਮ ਉਸ ਦੀ ਨਿਹਚਾ ਨੂੰ ਪਰਗਟ ਕਰਦੇ ਹਨ।

ਪ੍ਰੇਰਣਾਦਾਈ *"ਪ੍ਰੇਮ ਦੀ ਮਿਹਨਤ"*—ਇੱਕ ਵਿਆਹੁਤਾ ਜੋੜਾ ਜੋ ਅੱਸੀ ਵਰ੍ਹਿਆਂ ਦੀ ਉਮਰ ਦਾ ਹੈ ਅਤੇ ਪੰਜਾਹ ਤੋਂ ਵਧ ਵਰ੍ਹਿਆਂ ਤੋਂ ਮਿਸ਼ਨ ਦੇ ਕੰਮ ਵਿੱਚ ਹੈ ਅਤੇ ਅਜੇ ਵੀ ਸੇਵਾ ਕਰ ਰਿਹਾ ਹੈ। ਅਜਿਹਾ ਸਮਰਪਣ ਸੱਚਮੁੱਚ "ਪ੍ਰੇਮ ਦੀ ਮਿਹਨਤ" ਹੈ।

ਪ੍ਰੇਰਣਾਦਾਈ *"ਆਸਾ ਦੀ ਧੀਰਜ"*—ਇੱਕ ਬਜ਼ੁਰਗ ਇਸਤਰੀ ਜੋ ਮੱਧ ਟੇਨੇਸੀ ਵਿੱਚ ਰਹਿੰਦੀ ਹੈ ਅਤੇ ਆਪਣੇ ਇਲਾਕੇ ਦੇ ਲੋਕਾਂ ਨਾਲ ਬਾਈਬਲ ਅਧਿਐਨ ਕਰਦੀ ਹੈ, ਅਫਰੀਕਾ ਤੋਂ ਆਏ ਬਾਈਬਲ ਵਿਦਿਆਰਥੀਆਂ ਦੇ ਪੇਪਰਾਂ ਨੂੰ ਚੈੱਕ ਕਰਦੀ ਹੈ ਅਤੇ ਬਿਨਾ ਥੱਕੇ ਅਫਰੀਕਾ ਜਾ ਕੇ ਲੋਕਾਂ ਨੂੰ ਖੁਸ਼ਖਬਰੀ ਸੁਣਾਉਂਦੀ ਹੈ। ਅਜਿਹਾ ਉਹ ਆਪਣੀ ਅਤੇ ਦੂਜਿਆਂ ਦੀ "ਆਸਾ ਦੀ ਧੀਰਜ" ਸਦਕਾ ਹੀ ਕਰ ਪਾਉਂਦੀ ਹੈ।

ਅਜਿਹੇ ਲੋਕ ਪ੍ਰੇਰਣਾਦਾਈ ਹੁੰਦੇ ਹਨ, ਪਰ ਇਕੱਲੇ ਇਹ ਲੋਕ ਹੀ ਨਹੀਂ ਹਨ ਜਿਹੜੇ ਆਪਣੇ ਕੰਮਾਂ ਰਾਹੀਂ ਆਪਣੇ ਮਸੀਹੀ ਜੀਵਨ ਨੂੰ ਪਰਗਟ ਕਰਦੇ ਹਨ। ਚੰਗੇ ਉਦਾਹਰਣ ਲਗਭਗ ਹਰੇਕ ਮੰਡਲੀ ਵਿੱਚ ਵੇਖੇ ਜਾ ਸਕਦੇ ਹਨ। ਪੌਲੁਸ ਦੀ ਤਰ੍ਹਾਂ ਸਾਨੂੰ ਵੀ ਉਨ੍ਹਾਂ ਵਿਸ਼ਵਾਸਯੋਗ ਸੇਵਕਾਂ ਦੇ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਜੋ ਆਪਣੀ ਨਿਹਚਾ, ਪ੍ਰੇਮ ਅਤੇ ਆਸਾ ਨੂੰ ਪ੍ਰਦਰਸ਼ਿਤ ਕਰਦੇ ਹਨ। EE

**ਪਰਮੇਸ਼ੁਰ ਦੀ ਸ਼ੁਗਰਗੁਜ਼ਾਰੀ (1:1-5)**

ਪਰਮੇਸ਼ੁਰ ਦੇ ਨਾਲ ਸਾਡਾ ਸੰਬੰਧ ਸਾਡੇ ਵਿਸ਼ਵਾਸ ਅਤੇ ਸਾਡੇ ਜੀਵਨਾਂ ਦਾ ਅਧਾਰ ਹੈ। ਸਾਨੂੰ ਪੂਰੀ ਤਰ੍ਹਾਂ ਜਾਣਨ ਲਈ ਅਤੇ ਸਾਡੀ ਜ਼ਰੂਰਤ ਪੂਰੀ ਕਰਨ ਲਈ ਲੋੜੀਂਦੀ ਬੁੱਧੀ, ਸ਼ਕਤੀ ਅਤੇ ਪ੍ਰੇਮ ਕੇਵਲ ਪਰਮੇਸ਼ੁਰ ਕੋਲ ਹੀ ਹੈ। ਪਰਮੇਸ਼ੁਰ ਦੇ ਤਰੀਕੇ ਨਾਲ ਪਰਮੇਸ਼ੁਰ ਨੂੰ ਪ੍ਰਤੀਉੱਤਰ ਦੇਣਾ ਸਾਡੇ ਲਈ ਅਤੇ ਦੂਜਿਆਂ ਤੇ ਪਰਮੇਸ਼ੁਰ ਦੇ ਨਾਲ ਸਾਡੇ ਸੰਬੰਧ ਲਈ ਸਰਬਉੱਤਮ ਹੈ।

1 ਥੱਸਲੁਨੀਕੀਆਂ ਦਾ ਪਹਿਲਾ ਹਿੱਸਾ ਪੌਲੁਸ, ਸੀਲਾਸ ਅਤੇ ਤਿਮੋਥਿਉਸ ਦੇ ਥੱਸਲੁਨੀਕੇ ਦੀ ਕਲੀਸਿਯਾ ਦੇ ਨਾਲ ਬੀਤੇ ਸਮੇਂ ਦੇ ਅਤੇ ਵਰਤਮਾਨ ਦੇ ਸੰਬੰਧ ਬਾਰੇ ਅਤੇ ਯਿਸੂ ਵਿੱਚ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਸੰਬੰਧ ਬਾਰੇ ਗੱਲ ਕਰਦਾ ਹੈ। ਪਹਿਲੇ ਤਿੰਨ ਅਧਿਆਇਆਂ ਵਿੱਚ ਕੇਵਲ ਖਬਰਾਂ ਹਨ ਅਤੇ ਕੋਈ ਹੁਕਮ ਜਾਂ ਸਿਧਾਂਤਾਂ ਦਾ ਵੇਰਵਾ ਨਹੀਂ ਹੈ। ਇਹ ਅਧਿਆਇ ਕੇਵਲ ਉਹ ਗੱਲਾਂ ਦੱਸਦੇ ਹਨ ਜਿਹੜੀਆਂ ਹੋਈਆਂ ਅਤੇ ਹੋ ਰਹੀਆਂ ਸਨ। ਇਹ ਇਨ੍ਹਾਂ ਲੋਕਾਂ ਦੇ ਸੰਬੰਧਾਂ ਦੀ "ਕੇਵਲ" ਖੁਸ਼ਖਬਰੀ ਦੀ ਗੱਲ ਕਰਦੇ ਹਨ।

ਜਿਵੇਂ ਕੇ ਹੋਰਨਾਂ ਨਿੱਜੀ ਪੱਤਰਾਂ ਵਿੱਚ ਹੋਇਆ ਹੈ, 1 ਥੱਸਲੁਨੀਕੀਆਂ ਵੀ ਉਨ੍ਹਾਂ ਘਟਨਾਵਾਂ ਬਾਰੇ ਗੱਲ ਕਰਦਾ ਹੈ ਜਿਹੜੀਆਂ ਲਿਖਾਰੀ ਅਤੇ ਪਾਠਕਾਂ ਵਿੱਚਕਾਰ ਸੰਬੰਧ ਦੀ ਬੁਨਿਆਦ ਬਣੀਆਂ ਸਨ। ਨਵੇਂ ਨੇਮ ਤੋਂ ਬਾਹਰਲੇ ਪੱਤਰਾਂ ਅਤੇ ਇਸ ਪੱਤਰ ਵਿੱਚਕਾਰ ਅੰਤਰ ਇਹ ਹੈ ਕਿ ਇਹ ਪੱਤਰ ਪਰਮੇਸ਼ੁਰ ਵੱਲੋਂ ਪ੍ਰੇਰਿਤ ਹੈ ਅਤੇ ਇਸ ਕਰਕੇ ਬਿਲਕੁਲ ਸੱਚ ਹੈ। ਇਹ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਾਲੇ ਸੰਬੰਧ ਵਿਕਸਿਤ ਕਰਨ ਲਈ ਜ਼ਰੂਰੀ ਸਾਡੇ ਰਵੱਈਏ ਵਾਸਤੇ ਇੱਕ ਨਮੂਨਾ ਪੇਸ਼ ਕਰਦੇ ਹਨ। ਇਹ ਘਟਨਾਵਾਂ ਸੱਚਮੁੱਚ ਵਾਪਰੀਆਂ ਸਨ ਅਤੇ ਪਰਮੇਸ਼ੁਰ ਨੇ ਇਸ ਪੱਤਰ ਨੂੰ ਪ੍ਰੇਰਿਤ ਕੀਤਾ ਸੀ ਅਤੇ ਸੁਰੱਖਿਅਤ ਰੱਖਿਆ ਸੀ ਤਾਂ ਜੋ ਅਸੀਂ ਇਨ੍ਹਾਂ ਸੱਚਾਈਆਂ ਨੂੰ ਜਾਣ ਸਕੀਏ ਅਤੇ ਇਨ੍ਹਾਂ ਤੋਂ ਅਸੀਸਾਂ ਪ੍ਰਾਪਤ ਕਰ ਸਕੀਏ!

ਇਸ ਕਰਕੇ ਇਹ ਖ਼ਬਰ ਇੱਕ ਉਦੇਸ਼ ਦੇ ਨਾਲ ਆਈ ਹੈ। ਇਹ ਖ਼ਬਰ ਸਾਡੇ ਮਸੀਹੀ ਜੀਵਨਾਂ ਵਿੱਚ ਅੰਤਰ ਲਿਆਉਣ ਲਈ ਆਈ ਹੈ। ਇਹ ਖ਼ਬਰ ਸਾਨੂੰ ਮਸੀਹ ਦੇ ਸ਼ੁਕਰਗੁਜ਼ਾਰ ਪੈਰੋਕਾਰ ਬਣਾਉਣ ਲਈ ਆਈ ਹੈ। ਇਹ ਖ਼ਬਰ ਸਾਨੂੰ ਮੁੜ ਨਵਾਂ ਬਣਾਉਣ ਲਈ ਆਈ ਹੈ! ਇਸ ਖ਼ਬਰ ਤੋਂ ਅਸੀਂ ਕੀ ਸਿੱਖ ਸਕਦੇ ਹਾਂ ਕਿ ਆਪਣੇ ਜੀਵਨਾਂ ਨੂੰ ਸ਼ੁਕਰਗੁਜ਼ਾਰ ਜੀਵਨ ਕਿਵੇਂ ਬਣਾਇਆ ਜਾਵੇ?

*ਪਰਮੇਸ਼ੁਰ ਨੂੰ ਸਿਆਣੋ* (1:1)। ਪਰਮੇਸ਼ੁਰ ਨੇ ਸਾਨੂੰ ਹਮੇਸ਼ਾ ਆਪਣੀ ਸਿਰਜਣਾ ਵਜੋਂ ਸਿਆਣਿਆ ਹੈ। ਬਦਲੇ ਵਿੱਚ ਅਸੀਂ ਵੀ ਪਰਮੇਸ਼ੁਰ ਨੂੰ ਸਾਡੇ ਸਿਰਜਣਹਾਰ ਵਜੋਂ ਸਿਆਣਨਾ ਹੈ। ਸਾਡੇ ਲਈ ਇਹ ਕਿੰਨਾ ਮਹੱਤਵਪੂਰਣ ਹੈ ਕਿ ਅਸੀਂ ਪਰਮੇਸ਼ੁਰ—ਉਸ ਦੀ ਹੋਂਦ, ਉਸ ਦੇ ਚਰਿੱਤਰ, ਸਾਡੇ ਲਈ ਉਸ ਦੇ ਵਿਚਾਰਾਂ ਅਤੇ ਸਾਡੇ ਕੋਲੋਂ ਪ੍ਰਤੀਉੱਤਰ ਪ੍ਰਾਪਤ ਕਰਨ ਦੀ ਉਸ ਦੀ ਇੱਛਾ—ਬਾਰੇ ਹਮੇਸ਼ਾ ਜਾਗਰੂਕ ਰਹੀਏ!

ਜਦੋਂ ਅਸੀਂ ਨਵੇਂ ਨੇਮ ਦੇ ਪੱਤਰਾਂ ਦੇ ਅਰੰਭ ਨੂੰ ਪੜ੍ਹਦੇ ਹਾਂ, ਤਾਂ ਸਾਨੂੰ ਅਜਿਹਾ ਜਾਪ ਸਕਦਾ ਹੈ ਕਿ ਉਹ ਸਾਰੇ ਇੱਕੋ ਜਿਹੇ ਹਨ। ਅਕਸਰ ਅਸੀਂ ਅਰੰਭ ਦੀਆਂ ਕੁਝ ਆਇਤਾਂ ਨੂੰ ਇਹ ਸੋਚਦਿਆਂ ਪੜ੍ਹਦੇ ਹਾਂ ਕਿ ਅਸੀਂ ਤਾਂ ਇਨ੍ਹਾਂ ਸ਼ਬਦਾਂ ਨੂੰ ਜਾਣਦੇ ਹਾਂ ਅਤੇ ਅਸਾਨੀ ਨਾਲ ਸਮਝ ਸਕਦੇ ਹਾਂ। ਅਸੀਂ ਅਜਿਹਾ ਵੀ ਸੋਚ ਸਕਦੇ ਹਾਂ ਇਨ੍ਹਾਂ ਨੂੰ ਵਿਸਥਾਰ ਨਾਲ ਅਧਿਐਨ ਕਰਨ ਜਾਂ ਇਨ੍ਹਾਂ ਉੱਤੇ ਮਨਨ ਕਰਨ ਦਾ ਕੋਈ ਜ਼ਿਆਦਾ ਲਾਭ ਨਹੀਂ ਹੋਵੇਗਾ।

ਸਾਨੂੰ ਇਹ ਚੇਤੇ ਰੱਖਣਾ ਲਾਜ਼ਮੀ ਹੈ ਕਿ ਬਾਈਬਲ ਪਰਮੇਸ਼ੁਰ ਦਾ ਲਿਖਤ ਪਰਕਾਸ਼ ਹੈ। ਕੇਵਲ ਇੱਥੇ ਹੀ ਸਾਨੂੰ ਪਰਤੱਖ ਜਾਣਕਾਰੀ ਮਿਲਦੀ ਹੈ ਕਿ ਪਰਮੇਸ਼ੁਰ ਕੀ ਚਾਹੁੰਦਾ ਹੈ। ਕੇਵਲ ਇੱਥੇ ਹੀ ਸਾਨੂੰ ਸਾਡੇ ਜੀਵਨ ਲਈ ਸਿੱਧ ਮਾਰਗਦਰਸ਼ਣ ਮਿਲ ਸਕਦਾ ਹੈ। ਇਸੇ ਕਾਰਨ, ਇਹ ਸੋਚਣ ਦੀ ਬਜਾਇ, ਕਿ 1 ਥੱਸਲੁਨੀਕੀਆਂ ਬਾਕੀ ਪੁਰਾਣੇ ਪੱਤਰਾਂ ਦੀ ਤਰ੍ਹਾਂ ਹੀ ਹੈ ਜਿਸ ਦੇ ਅਰੰਭ ਤੋਂ ਅਸੀਂ ਪਹਿਲਾਂ ਤੋਂ ਜਾਣੂ ਹਾਂ, ਅਸੀਂ ਇਸ ਨੂੰ ਇੱਕ ਅਵਸਰ ਵਜੋਂ ਵੇਖੀਏ ਕਿ ਪਰਮੇਸ਼ੁਰ ਮਸੀਹੀਆਂ ਨੂੰ ਕੀ ਦੱਸਣਾ ਚਾਹੁੰਦਾ ਹੈ। ਇਹ ਸ਼ਬਦ ਇਸ ਕਰਕੇ ਲਿਖੇ ਗਏ ਸਨ ਕਿਉਂਕਿ ਪਰਮੇਸ਼ੁਰ ਇਨ੍ਹਾਂ ਨੂੰ ਲਿਖਵਾਉਣਾ ਚਾਹੁੰਦਾ ਸੀ ਅਤੇ ਪਰਮੇਸ਼ੁਰ ਜਾਣਦਾ ਸੀ ਕਿ ਇਹ ਸ਼ਬਦ ਇਨ੍ਹਾਂ ਹਾਲਾਤਾਂ ਲਈ ਢੁਕਵੇਂ ਹਨ। ਇਨ੍ਹਾਂ ਸ਼ਬਦਾਂ ਦੇ ਰਾਹੀਂ ਪਰਮੇਸ਼ੁਰ ਗੱਲ ਕਰ ਰਿਹਾ ਹੈ—ਥੱਸਲੁਨੀਕੀਆਂ ਦੇ ਨਾਲ ਅਤੇ ਸਾਡੇ ਨਾਲ!

ਇਹ ਵਾਕ, “ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਵਿੱਚ” (1:1) ਮਸੀਹੀ ਲਿਖਾਰੀਆਂ ਅਤੇ ਪਾਠਕਾਂ ਨੂੰ ਚੇਤੇ ਕਰਾਉਂਦਾ ਹੈ ਕਿ ਸਾਡੇ ਸੰਪੂਰਨ ਜੀਵਨ ਪਰਮੇਸ਼ੁਰ ਉੱਤੇ ਨਿਰਭਰ ਹਨ, “ਕਿਉਂਕਿ ਓਸੇ ਵਿੱਚ ਅਸੀਂ ਜੀਉਂਦੇ ਅਰ ਤੁਰਦੇ ਫਿਰਦੇ ਅਤੇ ਮਜੂਦ ਹਾਂ” (ਰਸੂਲਾਂ ਦੇ ਕਰਤੱਬ 17:28)। ਮਸੀਹੀ ਇਸ ਅਸਲੀਅਤ ਵਿੱਚ ਜੀ ਸਕਦੇ ਹਨ, ਬੋਲ ਸਕਦੇ ਹਨ ਅਤੇ ਕੰਮ ਕਰ ਸਕਦੇ ਹਨ ਕਿ ਪਰਮੇਸ਼ੁਰ ਸਾਡੇ ਨਾਲ ਹੈ, ਸਾਡੇ ਅੰਗ-ਸੰਗ ਹੈ ਅਤੇ ਸਾਡੇ ਅੰਦਰ ਹੈ! ਪਰਮੇਸ਼ੁਰ ਅਤੇ ਯਿਸੂ ਦੀ ਲਗਾਤਾਰ ਬਣੀ ਰਹਿਣ ਵਾਲੀ ਜਾਗਰੂਕਤਾ ਸਾਨੂੰ ਰੋਜਾਨਾ ਭਗਤੀਪੂਰਣ ਜੀਵਨ ਜੀਉਣ ਲਈ ਉਤਸ਼ਾਹ ਅਤੇ ਪ੍ਰੇਰਣਾ ਦਿੰਦੀ ਹੈ। ਪੌਲੁਸ ਨੇ ਇਹ ਆਖਦਿਆਂ ਇਸੇ ਗੱਲ ’ਤੇ ਜ਼ੋਰ ਦਿੱਤਾ, “ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ” (ਫ਼ਿਲਿੱਪੀਆਂ 1:21) ਅਤੇ “ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਮਸੀਹ ਮੇਰੇ ਵਿੱਚ ਜੀਉਂਦਾ ਹੈ” (ਗਲਾਤੀਆਂ 2:20)।

ਅਸੀਂ ਜੀਉਂਦੇ ਪਰਮੇਸ਼ੁਰ ਬਾਰੇ ਇਸ ਭਾਵਨਾ ਨੂੰ ਕਿਵੇਂ ਵਿਕਸਿਤ ਕਰ ਸਕਦੇ ਹਾਂ ਕਿ ਅਸੀਂ ਹਰ ਦਿਨ ਹਰ ਘੜੀ ਉਸ ਦੀ ਹਜ਼ੂਰੀ ਵਿੱਚ ਰਹਿੰਦੇ ਹਾਂ? ਅਸੀਂ ਮਸੀਹ ਵਿਚਲੇ

ਆਪਣੇ ਭੈਣਾਂ ਅਤੇ ਭਰਾਵਾਂ ਵਿੱਚ ਇਸ ਨੂੰ ਕਿਵੇਂ ਵਧਾ ਸਕਦੇ ਹਾਂ? ਥੱਸਲੁਨੀਕੀਆਂ ਨੇ ਅਜਿਹਾ ਦੇਵੀ-ਦੇਵਤਿਆਂ ਨੂੰ ਛੱਡਣ ਦੁਆਰਾ (1:9), ਪਰਮੇਸ਼ੁਰ ਦੇ ਵਚਨ ਨੂੰ ਸੱਚ ਮੰਨਣ ਦੁਆਰਾ (2:13), ਮਸੀਹ ਦੀ ਪੈਰਵੀ ਕਰਨ ਵਾਲਿਆਂ ਦੀ ਨਕਲ ਕਰਨ ਦੁਆਰਾ (2:14) ਅਤੇ ਨਿਹਚਾ, ਆਸਾ ਅਤੇ ਪ੍ਰੇਮ ਨੂੰ ਆਪਣੇ ਕੰਮ ਦੀ ਪ੍ਰੇਰਣਾਦਾਈ ਤਾਕਤ ਮੰਨਣ ਦੁਆਰਾ ਕੀਤਾ (1:3)।

ਪਰਮੇਸ਼ੁਰ ਆਪਣੇ ਲੋਕਾਂ ਲਈ ਕੀ ਚਾਹੁੰਦਾ ਹੈ? ਪੌਲੁਸ ਦਾ ਪਹਿਲਾ ਵਿਚਾਰ ਭਾਈਆਂ ਦੇ ਲਈ "ਕਿਰਪਾ ਅਤੇ ਸ਼ਾਂਤੀ" ਬੋਲਣਾ ਸੀ (1:1)। ਪੌਲੁਸ ਦੇ ਮਨ ਵਿੱਚ ਇੱਕ ਪ੍ਰਬਲ ਵਿਚਾਰ ਥੱਸਲੁਨੀਕੀਆਂ ਨੂੰ ਇਹ ਦੱਸਣਾ ਸੀ ਕਿ ਉਹ ਆਪ ਅਤੇ ਪਰਮੇਸ਼ੁਰ ਉਨ੍ਹਾਂ ਬਾਰੇ ਕੀ ਸੋਚਦਾ ਸੀ। ਥੱਸਲੁਨੀਕੀਆਂ ਨੂੰ ਹੋਰ ਅਸੀਸਾਂ ਦੀ ਲੋੜ ਹੋਵੇਗੀ ਜਾਂ ਉਹ ਚਾਹੁੰਦੇ ਹੋਣਗੇ, ਪਰ ਇਹ ਦੋਵੇਂ ਸਭ ਤੋਂ ਵਧ ਮਹੱਤਵਪੂਰਣ ਸਨ।

ਇਸ ਪੱਤਰ ਦੀ ਪਹਿਲੀ ਆਇਤ ਇਹ ਉਦਾਹਰਣ ਵੀ ਪੇਸ਼ ਕਰਦੀ ਹੈ ਕਿ ਮਸੀਹੀ ਇੱਕ ਦੂਜੇ ਦੀ ਮਦਦ ਕਿਵੇਂ ਕਰ ਸਕਦੇ ਹਨ। ਪੌਲੁਸ ਉਤਸ਼ਾਹ ਭਰਿਆ ਇੱਕ ਪੱਤਰ ਲਿਖ ਰਿਹਾ ਸੀ। ਥੱਸਲੁਨੀਕੀਆਂ ਨੇ ਅਜਿਹੇ ਉਦਾਹਰਣ ਦੀ ਪੈਰਵੀ ਕਰਨ ਦੇ ਮਹੱਤਵ ਨੂੰ ਸਿਆਣ ਲਿਆ ਸੀ ਅਤੇ ਆਪਣੇ ਉਪਦੇਸ਼ਕਾਂ ਦੀ ਨਕਨ ਕਰਨ ਵਾਲੇ ਬਣ ਗਏ ਸਨ (1:6)। ਤੁਸੀਂ ਕਿੰਨੇ ਪੁਰਾਣੇ ਮਸੀਹੀ ਹੋਣ ਤੋਂ ਬਾਅਦ ਆਪਣੇ ਸੰਗੀ ਮਸੀਹੀਆਂ ਨੂੰ ਉਤਸ਼ਾਹਿਤ ਕਰ ਸਕਦੇ ਹੋ? ਇਹ ਤਾਂ ਅਜਿਹਾ ਕੁਝ ਹੈ ਜੋ ਨਵੇਂ ਮਸੀਹੀ ਵੀ ਕਰ ਸਕਦੇ ਹਨ।

ਬਾਈਬਲ ਕਲਾਸ ਵਿੱਚ ਆਉਣ ਵਾਲੇ ਬੱਚੇ ਆਪਣੇ ਮਾਪਿਆਂ ਨੂੰ ਉਤਸ਼ਾਹਿਤ ਕਰਨ ਲਈ ਭਗਤੀਪੂਰਣ ਨੋਟ ਲਿਖ ਸਕਦੇ ਹਨ। ਬਜ਼ੁਰਗ ਲੋਕ ਆਪਣੀ ਕਲੀਸਿਯਾ ਦੇ ਨੌਜਵਾਨਾਂ ਦੇ ਲਈ ਆਪਣੀ ਸ਼ੁਕਰਗੁਜ਼ਾਰੀ ਲਿਖ ਕੇ ਇਹ ਦੱਸਣ ਲਈ ਵਿਅਕਤ ਕਰ ਸਕਦੇ ਹਨ ਕਿ ਉਹ ਉਨ੍ਹਾਂ ਦੀ ਬਹੁਤ ਸ਼ਲਾਘਾ ਕਰਦੇ ਹਨ। ਜਿਹੜੇ ਮੈਂਬਰ ਕਿਸੇ ਹੋਰ ਨਗਰ ਵਿੱਚ ਚਲੇ ਗਏ ਹਨ ਉਨ੍ਹਾਂ ਨੂੰ ਪੱਤਰ ਲਿਖ ਕੇ ਉਤਸ਼ਾਹਿਤ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਵੱਲੋਂ ਕੀਤੇ ਗਏ ਚੰਗੇ ਕੰਮਾਂ ਨੂੰ ਭੁਲਾਇਆ ਨਹੀਂ ਗਿਆ ਹੈ ਅਤੇ ਅਜੇ ਵੀ ਉਸ ਦੀ ਸ਼ਲਾਘਾ ਕੀਤੀ ਜਾਂਦੀ ਹੈ। ਮਸੀਹੀ ਲੋਕ ਹੋਰਨਾਂ ਦੇਸਾਂ-ਪ੍ਰਦੇਸਾਂ ਵਿੱਚ ਰਹਿਣ ਵਾਲੇ ਆਪਣੇ ਮਸੀਹੀ ਭੈਣ-ਭਰਾਵਾਂ ਨੂੰ ਪੱਤਰ ਲਿਖ ਕੇ ਪਰਮੇਸ਼ੁਰ ਦੀ ਕਿਰਪਾ ਅਤੇ ਦੇਖਭਾਲ ਬਾਰੇ ਚੇਤੇ ਕਰਾ ਸਕਦੇ ਹਨ।

ਅਜਿਹੀ ਕਿਸੇ ਆਇਤ ਤੋਂ ਅਸੀਂ ਇਹ ਵੀ ਸਿੱਖ ਸਕਦੇ ਹਾਂ ਕਿ ਕਿਸੇ ਗੱਲ ਨੂੰ ਅਸੀਂ ਆਪਣੇ ਜੀਵਨਭਰ ਲਈ ਕਿਵੇਂ ਲਾਗੂ ਕਰ ਸਕਦੇ ਹਾਂ। ਪਰਮੇਸ਼ੁਰ ਨੇ ਇਸ ਨੂੰ ਇਸੇ ਤਰ੍ਹਾਂ ਲਿਖੇ ਜਾਣ ਦੀ ਯੋਜਨਾ ਬਣਾਈ ਸੀ, ਤਾਂ ਜੋ ਅਸੀਂ ਇਸ ਨੂੰ ਪੜ੍ਹ ਸਕੀਏ, ਸਮਝ ਸਕੀਏ ਅਤੇ ਕਰ ਸਕੀਏ!

*ਪਰਮੇਸ਼ੁਰ ਦਾ ਧੰਨਵਾਦ ਕਰੋ* (1:2)। ਧੰਨਵਾਦੀ ਹੋਣਾ ਮਸੀਹੀ ਜੀਵਨ ਦਾ ਇੱਕ ਅੰਗ ਹੈ। ਪੌਲੁਸ, ਸੀਲਾਸ ਅਤੇ ਤਿਮੋਥਿਉਸ ਧੰਨਵਾਦੀ ਉਪਦੇਸ਼ਕ ਸਨ। ਉਹ ਆਪਣੀਆਂ ਪ੍ਰਾਰਥਨਾਵਾਂ ਵਿੱਚ ਲਗਾਤਾਰ ਪਰਮੇਸ਼ੁਰ ਦਾ ਧੰਨਵਾਦ ਕਰਦੇ ਸਨ: "ਅਸੀਂ ਆਪਣੀਆਂ ਪ੍ਰਾਰਥਨਾਂ ਵਿੱਚ ਤੁਹਾਡਾ ਜ਼ਿਕਰ ਕਰਦਿਆਂ ਤੁਸਾਂ ਸਭਨਾਂ ਦੇ ਲਈ ਸਦਾ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ" (1:2)। ਇਸ ਗੱਲ ਨੂੰ ਉਹ ਇੱਕ ਉਪਦੇਸ਼ਕ ਦੇ ਜੀਵਨ ਦਾ ਇੱਕ ਮਹੱਤਵਪੂਰਣ ਹਿੱਸਾ ਮੰਨਦੇ ਸਨ। ਪਰ ਕੀ ਇਹ ਕੇਵਲ ਉਪਦੇਸ਼ਕਾਂ ਅਤੇ ਪ੍ਰਚਾਰਕਾਂ ਲਈ

ਹੈ? ਇਹ ਵਡਮੁੱਲਾ ਪਾਠ ਸਾਡੇ ਸਾਰਿਆਂ ਦੇ ਲਈ ਹੈ! ਹਰੇਕ ਮਸੀਹੀ ਨੂੰ ਆਖਿਆ ਗਿਆ ਹੈ ਕਿ ਉਹ "ਸਭਨਾਂ ਗੱਲਾਂ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਪਰਮੇਸ਼ੁਰ ਅਰਥਾਤ ਪਿਤਾ ਦਾ ਸਦਾ ਧੰਨਵਾਦ" ਕਰਨ (ਅਫ਼ਸੀਆਂ 5:20)। "ਤੁਹਾਡਾ ਧੰਨਵਾਦ" ਉਹ ਸ਼ਬਦ ਹਨ ਜੋ ਬੱਚਿਆਂ ਨੂੰ ਸਿਖਾਏ ਜਾਂਦੇ ਹਨ, ਕੇਵਲ ਇਸ ਕਰਕੇ ਨਹੀਂ ਕਿ ਇਹ ਨਿਮਰਤਾ ਦਾ ਭਾਵ ਹੈ, ਪਰ ਇਸ ਕਰਕੇ ਵੀ ਕਿ ਇੱਕ ਭਗਤੀਪੂਰਣ ਭਾਵ ਹੈ।

ਧੰਨਵਾਦ ਦੇਣਾ ਨਵੇਂ ਨੇਮ ਦੇ ਪੱਤਰਾਂ ਵਿੱਚ ਇੱਕ ਜਾਣਿਆ-ਪਛਾਣਿਆ ਵਿਚਾਰ ਹੈ। ਕੀ ਇਹ ਸਾਡੀਆਂ ਪ੍ਰਾਰਥਨਾਵਾਂ ਵਿੱਚ ਵੀ ਇੱਕ ਜਾਣਿਆ-ਪਛਾਣਿਆ ਹਿੱਸਾ ਹੈ? ਕੀ ਅਸੀਂ ਆਪਣੇ ਜੀਵਨਾਂ, ਪਰਿਵਾਰਾਂ ਅਤੇ ਕਲੀਸਿਯਾ ਵਿੱਚ ਅਜਿਹੇ ਕਾਰਨ ਭਾਲਦੇ ਰਹਿੰਦੇ ਹਾਂ ਜਿਨ੍ਹਾਂ ਦੇ ਲਈ ਅਸੀਂ ਧੰਨਵਾਦੀ ਹੋ ਸਕੀਏ? ਕੀ ਸਾਡੀ ਅਜਿਹੀ ਆਦਤ ਹੈ ਕਿ ਅਸੀਂ ਚੰਗੀਆਂ ਗੱਲਾਂ ਨੂੰ ਭਾਲਦੇ ਹਾਂ ਅਤੇ ਉਨ੍ਹਾਂ ਦੇ ਲਈ ਪਰਮੇਸ਼ੁਰ ਨੂੰ "ਧੰਨਵਾਦ" ਆਖਦੇ ਹਾਂ? ਜਿਸ ਵੇਲੇ ਸਭਕੁਝ ਵਧੀਆ ਚਲ ਰਿਹਾ ਹੁੰਦਾ ਹੈ, ਉਸ ਵੇਲੇ ਕੀ ਅਸੀਂ ਪਰਮੇਸ਼ੁਰ ਦਾ ਧੰਨਵਾਦ ਓਨਾ ਹੀ ਕਰਦੇ ਹਾਂ ਜਿੰਨਾ ਅਸੀਂ ਮਾੜੇ ਹਾਲਾਤਾਂ ਵੇਲੇ ਪਰਮੇਸ਼ੁਰ ਦੀ ਮਦਦ ਮੰਗਦੇ ਹਾਂ? ਆਓ ਅਸੀਂ ਅਜਿਹੇ ਲੋਕ ਬਣੀਏ ਜਿਹੜੇ ਹਮੇਸ਼ਾ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਨ!

ਆਇਤ 2 ਵਿੱਚ ਕੀ ਹੋ ਰਿਹਾ ਸੀ? ਕੀ ਪੌਲੁਸ ਸੀਲਾਸ ਅਤੇ ਤਿਮੋਥਿਉਸ ਕੇਵਲ ਧੰਨਵਾਦ ਦੀ ਪ੍ਰਾਰਥਨਾ ਕਰ ਰਹੇ ਸਨ? ਨਹੀਂ, ਜਿੰਨਾ ਦੇ ਲਈ ਉਹ ਧੰਨਵਾਦ ਕਰ ਰਹੇ ਸਨ, ਉਨ੍ਹਾਂ ਨੂੰ ਉਹ ਦੱਸ ਰਹੇ ਸਨ ਕਿ ਉਹ ਆਪ ਵੀ ਬਹੁਤ ਧੰਨਵਾਦੀ ਹਨ। ਧੰਨਵਾਦ ਦੀ ਪ੍ਰਾਰਥਨਾ ਪਰਮੇਸ਼ੁਰ ਵੱਲੋਂ ਤਿਆਰ ਕੀਤੀ ਗਈ ਸੀ, ਕੇਵਲ ਇਸ ਲਈ ਨਹੀਂ ਕਿ ਅਸੀਂ ਉਸ ਦਾ ਧੰਨਵਾਦ ਕਰਦੇ ਰਹੀਏ, ਪਰ ਇਸ ਕਰਕੇ ਵੀ ਕਿ ਇੱਕ ਦੂਜੇ ਦੇ ਨਾਲ ਸਾਡਾ ਸੰਬੰਧ ਵਿਕਸਿਤ ਹੋ ਸਕੇ। ਭਰਾਵਾਂ ਦੇ ਲਈ ਪ੍ਰਾਰਥਨਾ ਕਰਨ ਤੋਂ ਬਾਅਦ, ਚਾਹੀਦਾ ਹੈ ਕਿ ਅਸੀਂ ਉਨ੍ਹਾਂ ਨੂੰ ਇਸ ਬਾਰੇ ਦੱਸੀਏ। ਸੋਚੋ ਕਿ ਸੰਕਟਾਂ ਵਿੱਚ ਘਿਰੇ, ਨਿਰਾਸ਼, ਨਿਰਬਲ ਲੋਕਾਂ ਨੂੰ ਕਿੰਨੀ ਵੱਡੀ ਮਦਦ ਮਿਲੇਗੀ, ਜਦੋਂ ਭਰਾ ਉਨ੍ਹਾਂ ਨੂੰ ਲਗਾਤਾਰ ਦੱਸਦੇ ਰਹਿਣਗੇ, "ਮੈਂ ਰੋਜਾਨਾ ਤੁਹਾਡੇ ਲਈ ਪ੍ਰਾਰਥਨਾ ਕਰਦਾ ਹਾਂ।" ਉਹ ਅਜਿਹਾ ਕਦੇ ਨਹੀਂ ਆਖ ਸਕਣਗੇ, "ਮੇਰੇ ਜੀਵਨ ਦੀ ਕਿਸੇ ਨੂੰ ਪਰਵਾਹ ਨਹੀਂ ਹੈ।"

*ਧਰਮੀ ਜੀਵਨਾਂ ਦੀ ਪ੍ਰਸ਼ੰਸਾ ਕਰੋ* (1:3)। ਧੰਨਵਾਦ ਸੱਚਾ ਹੋਣਾ ਚਾਹੀਦਾ ਹੈ। ਜਦੋਂ ਅਸੀਂ ਧੰਨਵਾਦੀ ਹੁੰਦੇ ਹਾਂ ਤਾਂ ਕੀ ਅਸੀਂ ਸਿਰਫ ਇੱਕ ਹੁਕਮ ਦਾ ਪਾਲਣ ਕਰ ਰਹੇ ਹੁੰਦੇ ਹਾਂ ਜਾਂ ਕੀ ਅਸੀਂ ਅਸਲ ਵਿੱਚ ਉਨ੍ਹਾਂ ਚੰਗੇ ਕੰਮਾਂ ਨੂੰ ਯਾਦ ਕਰ ਰਹੇ ਹੁੰਦੇ ਹਾਂ ਜਿਨ੍ਹਾਂ ਲਈ ਅਸੀਂ ਧੰਨਵਾਦੀ ਹੋ ਸਕਦੇ ਹਾਂ? ਪੌਲੁਸ ਨੇ ਜੋ ਸੋਚਿਆ ਉਹ ਨੇ ਉਸ ਨੂੰ ਉਸ ਤਰੀਕੇ ਨਾਲ ਪ੍ਰਾਰਥਨਾ ਕਰਨ ਦੇ ਲਈ ਪ੍ਰੇਰਿਤ ਕੀਤਾ ਜਿਸ ਦਾ ਵਰਣਨ ਇੱਥੇ ਥੱਸਲੁਨੀਕੀਆਂ ਦੀ "ਨਿਹਚਾ ਦਾ ਕੰਮ ਅਤੇ ਪ੍ਰੇਮ ਦੀ ਮਿਹਨਤ ਅਤੇ ਸਾਡੇ ਪ੍ਰਭੂ ਯਿਸੂ ਮਸੀਹ ਉੱਤੇ ਆਸਾ ਦੀ ਧੀਰਜ" (1:3) ਵਜੋਂ ਕੀਤਾ ਗਿਆ ਹੈ। ਉਸ ਨੇ ਇਨ੍ਹਾਂ ਮਸੀਹੀ ਲੋਕਾਂ ਦੇ ਚੰਗੇ ਕੰਮਾਂ ਅਤੇ ਰਵੱਈਆਂ ਬਾਰੇ ਸੋਚਿਆ ਅਤੇ ਫਿਰ ਪ੍ਰਾਰਥਨਾ ਕਰਦੇ ਹੋਏ ਉਨ੍ਹਾਂ ਬਾਰੇ ਪਰਮੇਸ਼ੁਰ ਨਾਲ ਗੱਲ ਕੀਤੀ। ਮਸੀਹੀ ਹੋਣ ਦੇ ਨਾਤੇ, ਸਾਡੇ "ਸੋਚ" ਵਾਲੇ ਜੀਵਨ ਸਾਡੇ ਪ੍ਰਾਰਥਨਾ ਜੀਵਨਾਂ ਨੂੰ ਪ੍ਰਭਾਵਿਤ ਕਰਨਗੇ। ਆਪਣੀਆਂ ਪ੍ਰਾਰਥਨਾਵਾਂ ਵਿੱਚ ਸੁਧਾਰ ਕਰਨ ਦੇ ਲਈ, ਸਾਨੂੰ ਆਪਣੇ ਵਿਚਾਰਾਂ ਤੇ ਧਿਆਨ ਦੇਣ ਦੀ ਲੋੜ ਹੈ।

ਜਦ ਕਿ ਅਸੀਂ ਆਮ ਤੌਰ ਤੇ ਕੁਧਰਮੀ, ਅਪਮਾਨਜਨਕ ਜਾਂ ਗੈਰ-ਕਾਨੂੰਨੀ ਚੀਜ਼ ਤੋਂ

ਬਚਣ ਅਤੇ ਸਿਰਫ ਉਹੋ ਕਰਨ ਦੇ ਦੁਆਰਾ ਜੋ ਸਹੀ ਹੈ ਆਪਣੇ ਵਿਹਾਰ ਨੂੰ ਸਿਖਾਉਣ ਦੀ ਕੋਸ਼ਿਸ਼ ਕਰਦੇ ਹਾਂ, ਕਈ ਵਾਰ ਅਸੀਂ ਆਪਣੇ ਮਨਾਂ ਨੂੰ ਸਿਖਾਉਣ ਵੱਲ ਜ਼ਿਆਦਾ ਧਿਆਨ ਨਹੀਂ ਦਿੰਦੇ ਹਾਂ। "ਮਨ ਨੂੰ ਵੱਸ ਵਿੱਚ ਕਰਨਾ"-ਦੂਜਿਆਂ ਦੁਆਰਾ ਨਹੀਂ, ਪਰ ਪਰਮੇਸ਼ੁਰ ਦੇ ਨਿਰਦੇਸ਼ਾਂ ਅਨੁਸਾਰ ਸਾਡੇ ਆਪਣੇ ਆਪ ਦੁਆਰਾ ਹੈ-ਇੱਕ ਬਾਈਬਲ ਅਧਾਰਿਤ ਵਿਚਾਰ ਹੈ। ਜਦੋਂ ਪਵਿੱਤਰ ਵਚਨ ਸਾਨੂੰ ਕਿਸੇ ਚੀਜ਼ ਤੇ "ਧਿਆਨ ਕਰਨ" ਜਾਂ "ਆਪਣੇ ਮਨ ਨਾਲ ਵਿਚਾਰ ਕਰਨ" ਦੇ ਲਈ ਕਹਿੰਦਾ ਹੈ ਤਾਂ ਸਾਨੂੰ ਆਪਣੇ ਵਿਚਾਰਾਂ ਅਤੇ ਰਵੱਈਆਂ ਨੂੰ ਸੁਧਾਰਣ ਦੇ ਲਈ ਆਪਣੇ ਮਨਾਂ ਨੂੰ ਅਨੁਸ਼ਾਸਤ ਕਰਨ ਅਤੇ ਸਿਖਾਉਣ ਦੇ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੁੰਦਾ ਹੈ।

ਪਰਮੇਸ਼ੁਰ ਸਾਨੂੰ ਕਿਹੋ ਜਿਹੇ ਵਿਚਾਰ ਰੱਖਣ ਦੇਣਾ ਚਾਹੁੰਦਾ? ਜ਼ਬੂਰ ਲਿਖਣ ਵਾਲੇ ਨੇ ਉਸ ਨੂੰ ਧੰਨ ਕਿਹਾ ਹੈ ਜਿਹੜਾ "ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ" (ਜ਼ਬੂਰ 1:2)। ਪੌਲੁਸ ਨੇ ਕਿਹਾ, ". . . ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ, ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ" (ਫ਼ਿਲਿੱਪੀਆਂ 4:8)। ਸਾਨੂੰ ਉਸ ਚੀਜ਼ ਦੀ ਭਾਲ ਕਰਨੀ ਚਾਹੀਦੀ ਹੈ ਜੋ ਸਾਡੇ ਸਾਥੀ ਮਸੀਹੀ ਲੋਕਾਂ ਦੇ ਜੀਵਨਾਂ ਵਿੱਚ ਚੰਗੀ ਹੈ, ਇਸ ਦੇ ਬਾਰੇ ਸੋਚੋ, ਇਸ ਦੇ ਬਾਰੇ ਪ੍ਰਾਰਥਨਾ ਕਰੋ ਅਤੇ ਦੂਜਿਆਂ ਨਾਲ ਉਨ੍ਹਾਂ ਵਿਚਾਰਾਂ ਨੂੰ ਸਾਂਝੇ ਕਰੋ। ਪਰਮੇਸ਼ੁਰ ਨੇ ਕਿਹਾ ਹੈ ਕਿ ਇਹ ਸਾਡੀ ਅਤੇ ਉਨ੍ਹਾਂ ਦੀ ਮਦਦ ਕਰੇਗਾ ਜਿਨ੍ਹਾਂ ਦੇ ਜੀਵਨਾਂ ਨੂੰ ਅਸੀਂ ਛੋਂਹਦੇ ਹਾਂ।

*ਪਰਮੇਸ਼ੁਰ ਨਾਲ ਆਪਣੇ ਰਿਸ਼ਤੇ ਤੇ ਧਿਆਨ ਕਰੋ* (1:4)। ਪਰਮੇਸ਼ੁਰ ਸਾਡੇ ਬਾਰੇ ਕੀ ਸੋਚਦਾ ਹੈ? ਅਸੀਂ ਇਸ ਗੱਲ ਦਾ ਪਤਾ ਕਿਵੇਂ ਲਾ ਸਕਦੇ ਹਾਂ? ਆਇਤ 4 ਪੜ੍ਹੋ: "ਹੇ ਭਰਾਵੋ, ਪਰਮੇਸ਼ੁਰ ਦੇ ਪਿਆਰਿਓ, ਅਸੀਂ ਜਾਣਦੇ ਹਾਂ ਭਈ ਤੁਸੀਂ ਚੁਣੇ ਹੋਏ ਹੋ।" ਇਹ ਆਇਤ ਸਾਨੂੰ ਉਨ੍ਹਾਂ ਲੋਕਾਂ ਬਾਰੇ ਦੋ ਵਿਚਾਰ ਦਿੰਦੀ ਹੈ ਜਿਹੜੇ ਥੱਸਲੁਨੀਕੇ ਦੀ ਕਲੀਸੀਆ ਵਿਚ ਸਨ ਪਰਮੇਸ਼ੁਰ ਉਨ੍ਹਾਂ ਨੂੰ ਪਿਆਰ ਕਰਦਾ ਸੀ ਅਤੇ ਪਰਮੇਸ਼ੁਰ ਨੇ ਹੀ ਉਨ੍ਹਾਂ ਨੂੰ ਚੁਣਿਆ ਸੀ। ਅਸੀਂ ਜਾਣ ਸਕਦੇ ਹਾਂ ਕਿ ਪਰਮੇਸ਼ੁਰ ਮਸੀਹੀ ਲੋਕਾਂ ਨੂੰ ਪਿਆਰ ਕਰਦਾ ਹੈ ਅਤੇ ਉਸ ਨੇ ਸਾਨੂੰ ਚੁਣਿਆ ਹੈ। ਅਸੀਂ ਸ਼ਾਇਦ ਕਈ ਵਾਰ ਸੋਚ ਸਕਦੇ ਹਾਂ, "ਮੈਨੂੰ ਉਸ ਵਿਅਕਤੀ ਨੂੰ ਪਿਆਰ ਕਰਨਾ ਔਖਾ ਲੱਗਦਾ ਹੈ," ਜਾਂ ਸ਼ਾਇਦ, "ਮੈਂ ਉਸ ਵਿਅਕਤੀ ਨੂੰ ਮਸੀਹੀ ਹੋਣ ਦੇ ਲਈ ਨਹੀਂ ਸੀ ਚੁਣਨਾ।" ਜਦੋਂ ਕੁਰਿੰਥੁਸ ਦੀ ਕਲੀਸੀਆ ਦੇ ਭਰਾਵਾਂ ਵਿਚਾਲੇ ਝਗੜਾ ਪੈ ਗਿਆ ਅਤੇ ਉਨ੍ਹਾਂ ਨੂੰ ਇੱਕ ਸਰੀਰ ਵਜੋਂ ਕੰਮ ਕਰਨ ਦੇ ਲਈ ਉਤਸ਼ਾਹਿਤ ਕੀਤਾ ਗਿਆ ਤਾਂ ਉਨ੍ਹਾਂ ਨੂੰ ਕਿਹਾ ਗਿਆ, ". . . ਪਰਮੇਸ਼ੁਰ ਨੇ ਜਿਸ ਪਰਕਾਰ ਉਹ ਨੂੰ ਭਾਉਂਦਾ ਸੀ ਅੰਗਾਂ ਨੂੰ ਇੱਕ ਇੱਕ ਕਰਕੇ ਸਰੀਰ ਵਿੱਚ ਰੱਖਿਆ ਹੈ" (1 ਕੁਰਿੰਥੀਆਂ 12:18)। ਪਰਮੇਸ਼ੁਰ ਉਨ੍ਹਾਂ ਨਾਲ ਪ੍ਰਸੰਨ ਹੈ ਜਿਨ੍ਹਾਂ ਨੂੰ ਉਸ ਨੇ ਸਾਡੇ ਪਰਿਵਾਰ ਵਿੱਚ ਰੱਖਿਆ ਹੈ!

ਜੇਕਰ ਅਸੀਂ ਪਰਮੇਸ਼ੁਰ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਦਿਆਂ ਸੱਚੇ ਹਾਂ, ਅਸੀਂ ਲੋਕਾਂ ਤੇ ਉਸ ਦੇ ਦ੍ਰਿਸ਼ਟੀਕੋਣ ਨੂੰ ਸਵੀਕਾਰ ਕਰਾਂਗੇ ਅਤੇ ਉਸ ਦੇ ਦ੍ਰਿਸ਼ਟੀਕੋਣ ਨੂੰ ਅਪਨਾਉਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਕਹਾਂਗੇ, "ਜਦ ਕਿ ਮੈਂ ਉਸ ਵਿਅਕਤੀ ਨੂੰ ਨਹੀਂ ਸੀ ਚੁਣਨਾ, ਪਰ ਪਰਮੇਸ਼ੁਰ ਨੇ ਉਸ ਨੂੰ ਚੁਣਿਆ ਹੈ ਅਤੇ ਪਰਮੇਸ਼ੁਰ ਉਸ ਨੂੰ ਉੱਤਮ ਜਾਣਦਾ ਹੈ। ਕਿਉਂਕਿ ਮੈਨੂੰ ਪਤਾ ਹੈ ਕਿ ਪਰਮੇਸ਼ੁਰ ਨੇ ਉਸ ਨੂੰ ਚੁਣਿਆ ਹੈ, ਮੈਂ ਉਸ ਨਾਲ ਉਸੇ ਤਰ੍ਹਾਂ ਦਾ ਵਿਹਾਰ

ਕਰਾਂਗਾ।" ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਵਿਅਕਤੀ ਇੱਕ ਭਰਾ ਵਰਗਾ ਵਿਹਾਰ ਕਰਨ ਯੋਗ ਨਹੀਂ ਹੈ; ਬਜਾਇ ਇਸ ਦੇ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ "ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਰਹਮ ਦੇ ਅਨੁਸਾਰ ਸਾਨੂੰ ਬਚਾਇਆ" (ਤੀਤੁਸ 3:5)। ਇਹ ਯਾਦ ਰੱਖਦੇ ਹੋਏ ਕਿ ਪਰਮੇਸ਼ੁਰ ਨੇ ਸਾਨੂੰ ਬਚਾਇਆ ਹੈ ਜਦੋਂ ਅਸੀਂ ਇਸ ਯੋਗ ਨਹੀਂ ਸੀ ਸਾਨੂੰ ਦੂਜਿਆਂ ਨਾਲ ਉਸ ਤਰ੍ਹਾਂ ਦਾ ਵਿਹਾਰ ਨਾ ਕਰਨ ਵਿੱਚ ਮਦਦ ਕਰੇਗਾ ਜਿਸ ਦੇ ਉਹ ਯੋਗ ਹਨ, ਪਰ ਜਿਵੇਂ ਪਰਮੇਸ਼ੁਰ ਉਨ੍ਹਾਂ ਨਾਲ ਵਿਹਾਰ ਕਰਦਾ ਹੈ-ਰਹਮ ਦੇ ਅਨੁਸਾਰ।

*ਪਰਮੇਸ਼ੁਰ ਦੇ ਸੰਦੇਸ਼ ਦਾ ਜਵਾਬ ਦਿਓ* (1:5)। ਪਰਮੇਸ਼ੁਰ ਸਾਡੇ ਨਾਲ ਸੰਦੇਸ਼ ਰਾਹੀਂ ਗੱਲਬਾਤ ਕਰਦਾ ਹੈ। ਉਸ ਨੇ ਆਪਣੇ ਆਪ ਨੂੰ ਸਾਡੇ ਉੱਤੇ ਇੱਕ ਸੰਦੇਸ਼ ਦੇ ਰਾਹੀਂ ਪਰਗਟ ਕੀਤਾ ਹੈ। ਉਹ ਇੱਕ ਸੰਦੇਸ਼ ਰਾਹੀਂ ਮੁਕਤੀ ਦੀ ਪੇਸ਼ਕਸ਼ ਕਰਦਾ ਹੈ। ਉਹ ਇੱਕ ਸੰਦੇਸ਼ ਦੇ ਰਾਹੀਂ ਆਪਣੇ ਲੋਕਾਂ ਵਜੋਂ ਸਾਡੀ ਅਗਵਾਈ ਕਰਦਾ ਹੈ। ਸਾਨੂੰ ਉਸ ਦੇ ਸੰਦੇਸ਼ ਪ੍ਰਤੀ ਕਿਵੇਂ ਜਵਾਬ ਦੇਣਾ ਚਾਹੀਦਾ ਹੈ?

ਆਇਤ 5 ਵਿੱਚ ਪਰਮੇਸ਼ੁਰ ਦੇ ਸੰਦੇਸ਼ ਬਾਰੇ ਦੋ ਵਿਚਾਰ ਹਨ। ਪਹਿਲਾ ਵਿਚਾਰ ਇਹ ਹੈ ਕਿ ਖੁਸ਼ਖ਼ਬਰੀ "ਸ਼ਬਦ ਵਿੱਚ" ਆਈ। ਦੂਜਾ ਵਿਚਾਰ ਇਹ ਹੈ ਕਿ ਖੁਸ਼ਖ਼ਬਰੀ "ਸ਼ਕਤੀ ਵਿੱਚ ਅਤੇ ਪਵਿੱਤਰ ਆਤਮਾ ਵਿੱਚ ਅਤੇ ਪੂਰਨ ਭਰੋਸੇ ਨਾਲ" ਆਈ। ਇਹ ਦੋਵੇਂ ਵਿਚਾਰ ਇਸ ਗੱਲ ਨੂੰ ਪਰਗਟ ਕਰਦੇ ਹਨ ਕਿ ਪਰਮੇਸ਼ੁਰ ਦਾ ਆਪਣੀ ਖੁਸ਼ਖ਼ਬਰੀ ਨੂੰ ਫੈਲਾਉਣ ਪਿੱਛੇ ਕੀ ਉਦੇਸ਼ ਸੀ।

ਪਹਿਲਾ ਵਿਚਾਰ ਇਹ ਹੈ ਕਿ ਖੁਸ਼ਖ਼ਬਰੀ ਉਦੋਂ ਫੈਲਦੀ ਹੈ ਜਦੋਂ ਸੰਦੇਸ਼ ਦਾ ਪ੍ਰਚਾਰ ਕੀਤਾ ਜਾਂਦਾ ਹੈ। ਜੇਕਰ ਖੁਸ਼ਖ਼ਬਰੀ ਦੇ ਸੱਚੇ ਸੰਦੇਸ਼ ਨੇ ਲੋਕਾਂ ਦੇ ਜੀਵਨਾਂ ਤੱਕ ਪਹੁੰਚਣਾ ਹੈ ਤਾਂ ਪਰਮੇਸ਼ੁਰ ਦਾ ਸੰਦੇਸ਼ ਉਨ੍ਹਾਂ ਸ਼ਬਦਾਂ ਵਿੱਚ ਸਿਖਾਇਆ ਜਾਣਾ ਜ਼ਰੂਰੀ ਹੈ ਜੋ ਸੱਚੇ ਅਤੇ ਸਹੀ ਹਨ। ਜੇਕਰ ਅਸੀਂ ਦੂਜਿਆਂ ਦੀਆਂ ਗੱਲਾਂ ਅਤੇ ਉਨ੍ਹਾਂ ਦੇ ਜੀਵਨਾਂ ਤੇ ਨਿਰਭਰ ਰਹਿੰਦੇ ਹਾਂ ਤਾਂ ਉਹ ਸੰਦੇਸ਼ ਅਧੂਰਾ ਹੋਵੇਗਾ ਜੋ ਲੋਕਾਂ ਨੇ ਪ੍ਰਾਪਤ ਕੀਤਾ ਹੈ। ਅਸੀਂ ਇਹ ਨਹੀਂ ਦੱਸ ਸਕਦੇ ਕਿ ਸੰਦੇਸ਼ ਸੰਪੂਰਣ ਸੀ ਜਾਂ ਨਹੀਂ। ਇਸ ਲਈ, ਖੁਸ਼ਖ਼ਬਰੀ ਦਾ ਪ੍ਰਚਾਰ ਜ਼ਰੂਰੀ ਸੀ ਅਤੇ ਹੈ। ਖੁਸ਼ਖ਼ਬਰੀ ਪਰਮੇਸ਼ੁਰ ਬਾਰੇ ਮਨੁੱਖ ਦੇ ਵਿਚਾਰ ਨਹੀਂ ਹਨ, ਪਰ ਮਨੁੱਖ ਦੇ ਲਈ ਪਰਮੇਸ਼ੁਰ ਦਾ ਸੰਦੇਸ਼ ਹੈ। ਪੌਲੁਸ ਨੇ ਦੱਸਿਆ ਕਿ ਆਤਮਾ ਨੇ ਉਸ ਨੂੰ ਇਸਤੇਮਾਲ ਕਰਨ ਲਈ "ਸ਼ਬਦ" ਦਿੱਤੇ ਤਾਂ ਜੋ ਅਸੀਂ "ਪਰਮੇਸ਼ੁਰ ਦੀਆਂ ਗੱਲਾਂ" ਨੂੰ ਜਾਣ ਸਕੀਏ (1 ਕੁਰਿੰਥੀਆਂ 2:11–13)। ਜਦੋਂ ਥੱਸਲੁਨੀਕੀਆਂ ਨੇ ਉਹ ਸੰਦੇਸ਼ ਸੁਣਿਆ, ਉਨ੍ਹਾਂ ਨੇ ਇਸ ਨੂੰ "... ਮਨੁੱਖਾਂ ਦਾ ਬਚਨ ਕਰਕੇ ਨਹੀਂ ਸਗੋਂ ਜਿਵੇਂ ਉਹ ਸੱਚੀਂ ਮੁੱਚੀਂ ਹੈ ਪਰਮੇਸ਼ੁਰ ਦਾ ਬਚਨ ਕਰਕੇ ਕਬੂਲ ਕੀਤਾ ਅਤੇ ਉਹ ਤੁਹਾਡੇ ਨਿਹਚਾਵਾਨਾਂ ਵਿੱਚ ਕੰਮ ਵੀ ਕਰਦਾ ਹੈ ..." (1 ਥੱਸਲੁਨੀਕੀਆਂ 2:13)।

ਖੁਸ਼ਖ਼ਬਰੀ "ਸ਼ਕਤੀ ਵਿੱਚ ਅਤੇ ਪਵਿੱਤਰ ਆਤਮਾ ਵਿੱਚ ਅਤੇ ਪੂਰਨ ਭਰੋਸੇ ਨਾਲ" ਵੀ ਆਈ। ਇਹ ਵਰਣਨ ਇਹੋ ਜਿਹੇ ਸਵਾਲ ਖੜ੍ਹੇ ਕਰਦਾ ਹੈ "ਇਹ ਕਿਹੜੀ ਸ਼ਕਤੀ ਸੀ ਅਤੇ ਇਹ ਕਿਵੇਂ ਵਿਖਾਈ ਗਈ?"; "ਪਵਿੱਤਰ ਆਤਮਾ ਕੀ ਕਰਦਾ ਹੈ?"; "ਕੀ ਇਹ 'ਪੂਰਨ ਭਰੋਸਾ' ਸਿੱਖਿਆ ਦੇਣ ਵਾਲਿਆਂ ਦਾ ਸੀ ਜਾਂ ਸੁਣਨ ਵਾਲਿਆਂ ਦਾ?" 5 ਆਇਤ ਦਾ ਆਖ਼ਰੀ ਹਿੱਸਾ ਸਾਨੂੰ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਲਈ ਵਡਮੁੱਲੀ ਸਮਝ ਦਿੰਦਾ ਹੈ। "ਤੁਹਾਡੇ ਨਮਿੱਤ ਤੁਸਾਂ ਨਾਲ ਸਾਡਾ ਕਿਹੋ ਜਿਹਾ ਵਰਤਾਰਾ ਸੀ" ਸ਼ਕਤੀ, ਆਤਮਾ ਅਤੇ ਭਰੋਸੇ ਦਾ

ਪ੍ਰਦਰਸ਼ਨ ਸੀ। ਜਦੋਂ ਇਨ੍ਹਾਂ ਮੂਰਤੀਪੂਜਕਾਂ ਨੇ ਸਿੱਖਿਆ ਦੇਣ ਵਾਲਿਆਂ ਦੇ ਜੀਵਨਾਂ ਨੂੰ ਵੇਖਿਆ, ਉਸ ਨੇ ਉਨ੍ਹਾਂ ਨੂੰ ਖੁਸ਼ਖ਼ਬਰੀ ਦੀ ਪਾਲਣਾ ਕਰਨ ਵਿੱਚ ਮਦਦ ਕੀਤੀ। ਇਸ ਵਿੱਚ ਨਾ ਸਿਰਫ ਪਵਿੱਤਰ ਆਤਮਾ ਦੁਆਰਾ ਕੀਤੇ ਗਏ ਚਮਤਕਾਰਾਂ ਦੀ ਅਲੌਕਿਕ ਸ਼ਕਤੀ ਸ਼ਾਮਲ ਸੀ, ਪਰ ਧਰਮੀ ਜੀਵਨਾਂ ਦੀ ਆਤਮਿਕ ਸ਼ਕਤੀ ਵੀ ਸ਼ਾਮਲ ਸੀ।

ਜਦੋਂ ਪ੍ਰਚਾਰਕ ਬੌਬ ਐਬਨੀ ਅਤੇ ਹੋਰ ਲੋਕ 1993 ਵਿੱਚ ਅਲਬਾਨੀਆ ਵਿੱਚ ਗਏ, ਉਸ ਨੂੰ ਇੱਕ ਨੌਜਵਾਨ ਨੂੰ ਖੁਸ਼ਖ਼ਬਰੀ ਸੰਦੇਸ਼ ਸੁਣਾਉਣ ਦਾ ਮੌਕਾ ਮਿਲਿਆ। ਮਸੀਹੀ ਲੋਕਾਂ ਦੇ ਸਮੂਹ ਨਾਲ ਅਧਿਐਨ ਕਰਨ ਤੋਂ ਬਾਅਦ, ਉਸ ਨੌਜਵਾਨ ਨੇ ਕਿਹਾ, "ਤੁਸੀਂ ਬਾਕੀ ਧਰਮਾਂ ਨਾਲੋਂ ਵੱਖਰੇ ਹੋ।" ਜਦੋਂ ਬੌਬ ਨੇ ਉਸ ਨੌਜਵਾਨ ਨੂੰ ਪੁੱਛਿਆ ਕਿ ਸਾਡੇ ਵਿੱਚ ਕੀ ਫ਼ਰਕ ਹੈ ਤਾਂ ਉਸ ਨੇ ਜਵਾਬ ਦਿੱਤਾ, "ਤੁਸੀਂ ਇੱਕ ਦੂਜੇ ਨੂੰ ਪਿਆਰ ਕਰਦੇ ਹੋ।" ਉਹ ਸ਼ਕਤੀਸ਼ਾਲੀ ਸੰਦੇਸ਼ ਸੀ ਜੋ ਉਸ ਨੌਜਵਾਨ ਨੂੰ ਮਸੀਹੀ ਲੋਕਾਂ ਦੇ ਜੀਵਨਾਂ ਤੋਂ ਮਿਲਿਆ ਸੀ। ਯਿਸੂ ਨੇ ਪਿਆਰ ਦੀ ਇਸ ਸ਼ਕਤੀ ਦਾ ਸਾਰੇ ਮਸੀਹੀ ਲੋਕਾਂ ਦੇ ਲਈ ਖੁਸ਼ਖ਼ਬਰੀ ਦੇ ਇੱਕ ਹਿੱਸੇ ਵਜੋਂ ਵਾਅਦਾ ਕੀਤਾ ਸੀ: "ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ" (ਯੂਹੰਨਾ 13:35)। ਆਓ ਇਹ ਨਿਸ਼ਚਤ ਕਰੀਏ ਕਿ ਸੰਦੇਸ਼ ਦਾ ਇਹ ਪ੍ਰਦਰਸ਼ਨ ਹਰ ਵਾਰ ਵਿਖਾਈ ਦੇਵੇ ਜਦੋਂ ਵੀ ਵਚਨ ਸਿਖਾਇਆ ਜਾਂਦਾ ਹੈ!

*ਸਿੱਟਾ।* ਸਾਡੇ ਭਰਾਵਾਂ ਅਤੇ ਭੈਣਾਂ ਦੀ ਆਤਮਿਕ ਭਲਾਈ ਲਈ ਚਿੰਤਾ ਵਿਅਕਤ ਕਰਨਾ, ਉਨ੍ਹਾਂ ਲਈ ਧੰਨਵਾਦ ਸਹਿਤ ਪ੍ਰਾਰਥਨਾ ਕਰਨਾ, ਉਨ੍ਹਾਂ ਲਈ ਉਨ੍ਹਾਂ ਨੂੰ ਸਾਡੀਆਂ ਪ੍ਰਾਰਥਨਾਵਾਂ ਬਾਰੇ ਦੱਸਣਾ ਅਤੇ ਉਨ੍ਹਾਂ ਲਈ ਪਰਮੇਸ਼ੁਰ ਦੇ ਪਿਆਰ ਬਾਰੇ ਉਨ੍ਹਾਂ ਨੂੰ ਮੁੜ ਭਰੋਸਾ ਦੇਣਾ, ਇਹ ਸਭ ਕੁਝ ਪਰਮੇਸ਼ੁਰ ਦਾ ਇੱਕ ਧੰਨਵਾਦੀ ਚੇਲਾ ਬਣਨ ਵਿੱਚ ਸ਼ਾਮਲ ਹੁੰਦਾ ਹੈ। ਏਹ ਸਾਰੀਆਂ ਗੱਲਾਂ ਕਰਨਾ ਸਾਨੂੰ ਅਤੇ ਦੂਜਿਆਂ ਨੂੰ ਇਹ ਚੇਤੇ ਕਰਾਉਂਦਾ ਹੈ ਕਿ ਪਰਮੇਸ਼ੁਰ ਕਿਸ ਤਰ੍ਹਾਂ ਦਾ ਹੈ ਅਤੇ ਆਪਣੇ ਲੋਕਾਂ ਨਾਲ ਕਿਵੇਂ ਦਾ ਵਿਹਾਰ ਚਾਹੁੰਦਾ ਹੈ। ਜਦੋਂ ਅਸੀਂ ਪਰਮੇਸ਼ੁਰ ਦੀ ਪ੍ਰਸ਼ੰਸਾ ਕਰਦੇ ਹਾਂ ਤਾਂ ਸਾਨੂੰ ਉਸ ਦੀ ਪ੍ਰਸ਼ੰਸਾ ਕਰਨ ਦੇ ਇਹੋ ਜਿਹੇ ਤਰੀਕੇ ਲੱਭਣਗੇ ਜੋ ਦੂਜਿਆਂ ਲਈ ਮਦਦਗਾਰ ਹੋਣਗੇ। ਆਓ ਅਸੀਂ ਇਨ੍ਹਾਂ ਆਰੰਭਕ ਮਸੀਹੀ ਲੋਕਾਂ ਦੀ ਅਗਵਾਈ ਅਨੁਸਾਰ ਚੱਲੀਏ! TP

**ਖੁਸ਼ਖ਼ਬਰੀ ਕਿਵੇਂ ਆਉਂਦੀ ਹੈ? (1:2-5)**

ਇੱਕ ਹੋਰ ਕਾਰਣ ਜਿਸ ਕਰਕੇ ਪੌਲੁਸ ਥੱਸਲੁਨੀਕੀਆਂ ਲਈ ਧੰਨਵਾਦ ਦੇ ਰਿਹਾ ਸੀ ਉਹ ਸੀ ਉਨ੍ਹਾਂ ਲਈ ਪਰਮੇਸ਼ੁਰ ਦੀ ਚੋਣ। ਇਹ ਚੋਣ ਉਦੋਂ ਹੋਈ ਸੀ ਜਦੋਂ ਉਨ੍ਹਾਂ ਨੇ ਖੁਸ਼ਖ਼ਬਰੀ ਨੂੰ ਕਬੂਲ ਕੀਤਾ ਸੀ। ਪਰਮੇਸ਼ੁਰ ਦੇ ਚੁਣੇ ਹੋਏ ਲੋਕ ਕਿਸੇ ਵੀ ਜਾਤ ਜਾਂ ਕੌਮ ਦੇ ਹੋ ਸਕਦੇ ਹਨ ਅਤੇ ਇਹ ਲੋਕ ਉਹ ਹੁੰਦੇ ਹਨ ਜਿਨ੍ਹਾਂ ਨੇ ਖੁਸ਼ਖ਼ਬਰੀ ਨੂੰ ਸੁਣਿਆ ਹੈ ਅਤੇ ਇਸ ਨੂੰ ਕਬੂਲ ਕਰਨਾ ਚੁਣਿਆ ਹੈ। ਅਸੀਂ ਚੁਣਿਆਂ ਹੋਇਆਂ ਵਿੱਚ ਹੋਣਾ ਚੁਣਦੇ ਹਾਂ। ਰੇਮੰਡ ਸੀ. ਕੈਲਸੀ ਨੇ ਕਿਹਾ, "[ਪਰਮੇਸ਼ੁਰ ਦੀ] ਚੋਣ ਪਰਮੇਸ਼ੁਰ ਦੇ ਚੁਣਨ ਦੇ ਤਰੀਕੇ [ਰਾਹੀਂ] … ਚੁਣੇ ਜਾਣ ਦੇ ਲਈ ਮਨੁੱਖ ਦੀ ਇੱਛਾ ਉੱਤੇ ਸ਼ਰਤਬੱਧ ਹੈ।"[10]

ਇਸ ਗੱਲ ਤੇ ਨਜ਼ਰ ਮਾਰਨਾ ਕਿ ਥੱਸਲੁਨੀਕੀਆਂ ਨੇ ਖੁਸ਼ਖ਼ਬਰੀ ਨੂੰ ਕਿਵੇਂ ਕਬੂਲ ਕੀਤਾ ਸਾਨੂੰ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਪਰਮੇਸ਼ੁਰ ਕਿਵੇਂ ਲੋਕਾਂ ਦੇ ਮਨ ਨੂੰ ਬਦਲਦਾ ਅਤੇ ਆਪਣੇ ਸ਼ਾਨਦਾਰ ਪਰਿਵਾਰ ਵਿੱਚ ਰੂਹਾਂ ਨੂੰ ਲੈ ਕੇ ਆਉਂਦਾ ਹੈ। ਖੁਸ਼ਖ਼ਬਰੀ ਉਨ੍ਹਾਂ ਕੋਲ ਕਿਵੇਂ ਆਈ ਅਤੇ ਇਹ ਸਾਡੇ ਕੋਲ ਕਿਵੇਂ ਆਉਂਦੀ ਹੈ?

*ਖੁਸ਼ਖ਼ਬਰੀ ਸ਼ਬਦ ਦੇ ਰਾਹੀਂ ਆਈ।* ਜਦ ਕਿ ਇਹ ਸ਼ਬਦਾਂ ਦੀ ਸ਼ਕਤੀ ਨਹੀਂ ਸੀ ਜਿਸ ਨੇ ਥੱਸਲੁਨੀਕੀਆਂ ਦੇ ਮਨਾਂ ਨੂੰ ਬਦਲਿਆਂ, ਖੁਸ਼ਖ਼ਬਰੀ ਲੋਕਾਂ ਨੂੰ ਸੁਣਾਉਣੀ ਅਤੇ ਲੋਕਾਂ ਦੇ ਮਨਾਂ ਤੱਕ ਪਹੁੰਚਾਉਣੀ ਜ਼ਰੂਰੀ ਸੀ। ਸਾਰਾ ਖੁਸ਼ਖ਼ਬਰੀ ਪ੍ਰਚਾਰ ਬੋਲਣ ਅਤੇ ਲਿਖਣ ਨਾਲ ਸ਼ੁਰੂ ਹੁੰਦਾ ਹੈ।

*ਇਹ ਸ਼ਕਤੀ ਵਿੱਚ ਆਈ।* ਸਾਡੇ ਪ੍ਰਚਾਰ ਦੇ ਸ਼ਬਦ ਕੇਵਲ ਸ਼ੁਰੂਆਤ ਹਨ, ਨਾ ਕਿ ਅੰਤ। ਮਨੁੱਖੀ ਦਿਮਾਗ ਨਹੀਂ ਸਮਝ ਸਕਦਾ ਕਿ ਪਰਮੇਸ਼ੁਰ ਕਿਵੇਂ ਆਪਣੇ ਵਚਨ ਨੂੰ ਇਸਤੇਮਾਲ ਕਰਦਾ ਹੈ। ਉਸ ਦੀ ਸ਼ਕਤੀ ਨੂੰ ਇਸਤੇਮਾਲ ਕਰਦਿਆਂ, ਉਹ ਆਪਣੇ ਵਚਨ ਰਾਹੀਂ ਕੰਮ ਕਰਦਾ ਹੈ ਅਤੇ ਸਾਨੂੰ ਉਹ ਲੋਕ ਬਣਾਉਂਦਾ ਹੈ ਜਿਸ ਤਰ੍ਹਾਂ ਦੇ ਲੋਕ ਉਹ ਸਾਨੂੰ ਬਣਾਉਣਾ ਚਾਹੁੰਦਾ ਹੈ। ਹਾਲਾਂਕਿ ਅਸੀਂ ਇਸ ਦੀ ਵਿਆਖਿਆ ਨਹੀਂ ਕਰ ਸਕਦੇ, ਅਸੀਂ ਇਸ ਦਾ ਅਨੰਦ ਮਾਣ ਸਕਦੇ ਹਾਂ।

*ਇਹ ਪਵਿੱਤਰ ਆਤਮਾ ਵਿੱਚ ਆਈ।* ਪਰਮੇਸ਼ੁਰ ਦਾ ਵਚਨ ਆਤਮਾ ਦੀ ਤਲਵਾਰ ਹੈ (ਅਫਸੀਆਂ 6:17)। ਪੌਲੁਸ, ਪਵਿੱਤਰ ਆਤਮਾ ਦੀ ਅਗਵਾਈ ਪ੍ਰਾਪਤ ਕਰਕੇ, ਉਨ੍ਹਾਂ ਲਈ ਸਚਿਆਈ ਦਾ ਵਚਨ ਲੈ ਕੇ ਆਇਆ ਅਤੇ ਵਚਨ ਜਿਹੜਾ ਉਸ ਨੇ ਬੋਲਿਆ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਆਤਮਾ ਦੀ ਸਮਰੱਥਾ ਨਾਲ ਬੋਲਿਆ ਗਿਆ ਸੀ।

*ਇਹ ਪੂਰੇ ਭਰੋਸੇ ਨਾਲ ਆਈ।* ਇਹ ਸਾਰਿਆਂ ਦੇ ਲਈ ਪਰਮੇਸ਼ੁਰ ਦੇ ਪਿਆਰ, ਹਰ ਇੱਕ ਦੇ ਲਈ ਮਸੀਹ ਦੀ ਮੌਤ ਦਾ ਪੂਰਾ ਭਰੋਸਾ ਅਤੇ ਇਹ ਸੰਭਾਵਨਾ ਲੈ ਕੇ ਆਈ ਕਿ ਉਹ ਸਭ ਲੋਕ ਜਿਹੜੇ ਖੁਸ਼ਖ਼ਬਰੀ ਦੀ ਪਾਲਣਾ ਕਰਦੇ ਹਨ ਬਚਾਏ ਜਾਣਗੇ। ਇਸ ਤੋਂ ਇਲਾਵਾ, ਪੌਲੁਸ, ਸੀਲਾਸ ਅਤੇ ਤਿਮੋਥਿਉਸ ਭਰੋਸੇ ਨਾਲ ਭਰੇ ਪਏ ਸਨ ਕਿ ਪਰਮੇਸ਼ੁਰ ਦਾ ਕੰਮ ਹੋ ਰਿਹਾ ਸੀ।

ਥੱਸਲੁਨੀਕੀਆਂ ਨੇ ਪ੍ਰਚਾਰ ਸੁਣਿਆ, ਇਸ ਨੂੰ ਆਪਣੇ ਆਤਮਾਵਾਂ ਵਿੱਚ ਕਬੂਲ ਕੀਤਾ ਅਤੇ ਪਵਿੱਤਰ ਆਤਮਾ ਨੇ ਉਨ੍ਹਾਂ ਸ਼ਬਦਾਂ ਨੂੰ ਉਨ੍ਹਾਂ ਦੀ ਪੂਰੀ ਤਰ੍ਹਾਂ ਖੁਸ਼ਖ਼ਬਰੀ ਦੀ ਪਾਲਣਾ ਕਰਨ ਵਿੱਚ ਅਗਵਾਈ ਕਰਨ ਵਾਸਤੇ ਇੱਕ ਔਜਾਰ ਦੇ ਰੂਪ ਵਿੱਚ ਵਰਤਿਆ। ਉਨ੍ਹਾਂ ਕੋਲ ਖੁਸ਼ਖ਼ਬਰੀ ਇਸ ਤਰੀਕੇ ਨਾਲ ਆਈ; ਅੱਜ ਸਾਡੇ ਕੋਲ ਵੀ ਖੁਸ਼ਖ਼ਬਰੀ ਉਸੇ ਤਰੀਕੇ ਨਾਲ ਆਉਂਦੀ ਹੈ। EC

## ਉਨ੍ਹਾਂ ਦੀ ਚੋਣ ਬਾਰੇ ਨਿਸ਼ਚਤਤਾ (1:4-7)

ਆਇਤ 4 ਵਿੱਚ, ਪੌਲੁਸ ਨੇ ਜ਼ੋਰ ਦਿੱਤਾ ਕਿ ਪਰਮੇਸ਼ੁਰ ਨੇ ਥੱਸਲੁਨੀਕੇ ਦੀ ਕਲੀਸੀਆ ਦੇ ਭਰਾਵਾਂ ਦਾ ਇੱਕ "ਚੁਣਾਅ" (NASB) ਜਾਂ ਇੱਕ "ਚੋਣ" (KJV) ਕੀਤੀ। ਪਰਮੇਸ਼ੁਰ ਦੇ ਪਿਆਰ ਵਿੱਚ ਹੋਣ ਲਈ ਚੁਣੇ ਜਾਣਾ ਇੱਕ ਸੱਚੀ ਬਰਕਤ ਹੈ।

ਥੱਸਲੁਨੀਕੇ ਦੇ ਲੋਕ *"ਪਰਮੇਸ਼ੁਰ ਦੇ ਪਿਆਰੇ"* ਸਨ (ਆਇਤ 4)। ਇੱਕ ਭਾਵ ਵਿੱਚ, ਪਰਮੇਸ਼ੁਰ ਹਰੇਕ ਨੂੰ ਪਿਆਰ ਕਰਦਾ ਹੈ (ਯੂਹੰਨਾ 3:16), ਪਰ ਸਿਰਫ ਉਹੋ ਮਸੀਹੀ ਲੋਕ ਜਿਨ੍ਹਾਂ ਨੇ ਉਸ ਦੇ ਪਿਆਰ ਦੇ ਤੋਹਫ਼ੇ ਨੂੰ ਕਬੂਲ ਕੀਤਾ ਅਤੇ ਉਸ ਨਾਲ ਮੇਲ ਕਰ ਚੁੱਕੇ ਹਨ ਇਸ ਖਾਸ ਭਾਵ ਵਿੱਚ ਪਿਆਰੇ ਹਨ। ਚੇਲਿਆਂ ਨੂੰ "ਪਰਮੇਸ਼ੁਰ ਦੇ ਪ੍ਰੇਮ ਵਿੱਚ ]ਆਪਣੇ ਆਪ ਨੂੰ[ ਕਾਇਮ ਰੱਖਣ ਲਈ" (ਯਹੂਦਾਹ 21) ਉਸ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ।

ਪਰਮੇਸ਼ੁਰ ਦੇ ਪ੍ਰੇਮ ਵਿੱਚ ਹੋਣ ਲਈ ਚੁਣੇ ਜਾਣਾ ਦੋ ਗੱਲਾਂ ਤੇ ਨਿਰਭਰ ਕਰਦਾ ਹੈ।

ਪਹਿਲੀ ਗੱਲ, ਇਹ ਪਰਮੇਸ਼ੁਰ ਦੇ ਕੰਮ ਤੇ ਨਿਰਭਰ ਕਰਦਾ ਹੈ। ਯੂਹੰਨਾ 3:16 ਆਖਦੀ ਹੈ, "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਬਖ਼ਸ਼ ਦਿੱਤ . . . ।" ਦੂਜੀ ਗੱਲ, ਇਹ ਨਿਹਚਾ ਅਤੇ ਆਗਿਆਕਾਰੀ ਰਾਹੀਂ ਉਸ ਦੇ ਤੋਹਫ਼ੇ ਨੂੰ ਸਾਡੇ ਕਬੂਲਣ ਤੇ ਨਿਰਭਰ ਕਰਦਾ ਹੈ। ਇਬਰਾਨੀਆਂ ਦੇ ਲੇਖਕ ਨੇ ਲਿਖਿਆ, "ਉਹ ਸਿੱਧ ਹੋ ਕੇ ਓਹਨਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ" (ਇਬਰਾਨੀਆਂ 5:9)। ਪਰਮੇਸ਼ੁਰ ਨੇ ਇੱਕ ਸਮੂਹ ਨੂੰ ਮੁਕਤੀ ਦੇ ਲਈ ਅਤੇ ਇੱਕ ਸਮੂਹ ਨੂੰ ਨਾਸ ਦੇ ਲਈ ਚੁਣਿਆ ਹੈ। ਅਸੀਂ ਉਸ ਉੱਤੇ ਨਿਹਚਾ ਕਰਕੇ ਅਤੇ ਉਸ ਦੇ ਆਗਿਆਕਾਰੀ ਬਣ ਕੇ ਜਾਂ ਤਾਂ ਮੁਕਤੀ ਨੂੰ ਚੁਣ ਸਕਦੇ ਹਾਂ ਜਾਂ ਅਸੀਂ ਉਸ ਦੇ ਪੁੱਤਰ ਨੂੰ ਠੁਕਰਾ ਕੇ ਨਾਸ ਨੂੰ ਚੁਣ ਸਕਦੇ ਹਾਂ (ਯੂਹੰਨਾ 12:48)।

ਥੱਸਲੁਨੀਕੀਆਂ ਨੇ ਆਗਿਆ ਦਾ ਪਾਲਣ ਕੀਤਾ ਸੀ ਜੋ ਕਿ ਉਨ੍ਹਾਂ ਬਾਰੇ ਦਿੱਤੇ ਗਏ ਪੌਲੁਸ ਦੇ ਵਰਣਨ ਵਿੱਚ ਸਪੱਸ਼ਟ ਸੀ (ਵੇਖੋ 1 ਥੱਸਲੁਨੀਕੀਆਂ 2:13)। ਉਸ ਨੇ ਲਿਖਿਆ, "ਤੁਸੀਂ ਸਾਡੀ ਅਤੇ ਪ੍ਰਭੂ ਦੀ ਰੀਸ ਕਰਨ ਲੱਗ ਪਏ ਸਾਓ" (ਆਇਤ 6)। ਪੌਲੁਸ ਨੇ ਮਸੀਹ ਦੀ ਰੀਸ ਕਰਨ ਦਾ ਜਤਨ ਕੀਤਾ ਸੀ ਅਤੇ ਉਹ ਚਾਹੁੰਦਾ ਸੀ ਕਿ ਦੂਜੇ ਲੋਕ ਉਸ ਦੇ ਨਮੂਨੇ ਤੇ ਚੱਲਣ (1 ਕੁਰਿੰਥੀਆਂ 11:1)। ਇਸ ਲਈ, ਜਦੋਂ ਉਸ ਨੇ ਕਿਹਾ, "ਤੁਸੀਂ ਉਨ੍ਹਾਂ ਸਭਨਾਂ ਨਿਹਚਾਵਾਨਾਂ ਲਈ ਜਿਹੜੇ ਮਕਦੂਨਿਯਾ ਅਤੇ ਅਖਾਯਾ ਵਿੱਚ ਹਨ ਨਮੂਨਾ ਬਣੇ" (ਆਇਤ 7), ਉਹ ਆਗਿਆ ਦਾ ਪਾਲਣ ਕਰਨ ਲਈ ਉਨ੍ਹਾਂ ਦੀ ਸ਼ਲਾਘਾ ਕਰ ਰਿਹਾ ਸੀ ਅਤੇ ਦੂਜਿਆਂ ਨੂੰ ਉਨ੍ਹਾਂ ਦੇ ਨਮੂਨੇ ਤੇ ਚੱਲਣ ਲਈ ਉਤਸ਼ਾਹਿਤ ਕਰ ਰਿਹਾ ਸੀ।

ਅੱਜ ਦੇ ਮਸੀਹੀ ਲੋਕ *"ਪਰਮੇਸ਼ੁਰ ਦੇ ਪਿਆਰੇ"* ਹਨ। ਕਿਉਂਕਿ ਥੱਸਲੁਨੀਕੀਆਂ ਨੇ ਆਗਿਆ ਦਾ ਪਾਲਣ ਕੀਤਾ ਸੀ, ਪੌਲੁਸ ਉਨ੍ਹਾਂ ਦੀ ਚੋਣ ਬਾਰੇ ਨਿਸ਼ਚਤ ਸੀ। ਉਸੇ ਤਰ੍ਹਾਂ, ਅਸੀਂ ਵੀ ਅੱਜ ਦੇ ਮਸੀਹੀ ਲੋਕਾਂ ਦੀ ਚੋਣ ਬਾਰੇ ਨਿਸ਼ਚਤ ਹੋ ਸਕਦੇ ਹਾਂ ਜਦੋਂ ਉਹ ਆਗਿਆਕਾਰੀ ਵਾਲੇ ਜੀਵਨ ਜੀਉਂਦੇ ਹਨ। ਸੱਚਮੁੱਚ, ਅਸੀਂ ਇਹ ਗੀਤ ਬਿਲਕੁਲ ਸਹੀ ਹੀ ਗਾਉਂਦੇ ਹਾਂ,

> ਯਿਸੂ ਦੀਆਂ ਬਾਹਾਂ ਵਿੱਚ ਸੁਰੱਖਿਅਤ,
> ਉਸ ਦੀ ਕੋਮਲ ਛਾਤੀ ਤੇ ਸੁਰੱਖਿਅਤ,
> ਉੱਥੇ ਉਸ ਦੇ ਪਿਆਰ ਦੀ ਛਾਂ ਹੇਠ,
> ਮੇਰੀ ਜਾਨ ਬੜੇ ਪਿਆਰ ਨਾਲ ਅਰਾਮ ਕਰੇਗੀ।[11]

ਪੌਲੁਸ ਥੱਸਲੁਨੀਕੀਆਂ ਬਾਰੇ ਨਿਸ਼ਚਤ ਸੀ ਅਤੇ ਅਸੀਂ ਆਪਣੀ ਚੋਣ ਬਾਰੇ ਨਿਸ਼ਚਤ ਹੋ ਸਕਦੇ ਹਾਂ। EE

## ਚੇਤੇ ਰੱਖਣ ਲਈ ਇੱਕ ਨਮੂਨਾ (1:6-8)

ਖੁਸ਼ਖ਼ਬਰੀ ਨੂੰ ਕਬੂਲ ਕਰਨ ਤੋਂ ਤੁਰੰਤ ਬਾਅਦ ਥੱਸਲੁਨੀਕੀਆਂ ਨੂੰ ਸਤਾਇਆ ਗਿਆ। ਫਿਰ ਵੀ, ਸਤਾਅ ਦੇ ਬਾਵਜੂਦ ਉਨ੍ਹਾਂ ਨੇ ਅਨੰਦ ਕੀਤਾ ਕਿਉਂਕਿ ਉਹ ਜਾਣਦੇ ਸਨ ਕਿ ਉਹ ਸਦੀਪਕ ਜੀਵਨ ਦੇ ਵਾਰਸ ਬਣ ਰਹੇ ਸਨ। ਉਨ੍ਹਾਂ ਦੀ ਮਜ਼ਬੂਤ ਨਿਹਚਾ ਦੀ ਖ਼ਬਰ ਪੂਰੇ ਇਲਾਕੇ ਵਿੱਚ ਫੈਲ ਗਈ ਸੀ ਅਤੇ ਉਹ ਮਕਦੂਨਿਯਾ ਵਿੱਚ ਅਤੇ ਅਖਾਯਾ ਵਿੱਚ ਸਾਰੇ ਵਿਸ਼ਵਾਸੀਆਂ ਦੇ ਲਈ ਨਮੂਨਾ ਬਣੇ। ਉਨ੍ਹਾਂ ਨੇ ਖੁਸ਼ਖ਼ਬਰੀ ਨੂੰ ਖੁਸ਼ੀ-ਖੁਸ਼ੀ ਕਬੂਲ ਕੀਤਾ ਅਤੇ

ਇਸ ਨੂੰ ਕਬੂਲ ਕਰਨ ਤੋਂ ਬਾਅਦ ਉਹ ਆਪਣੀਆਂ ਮੁਸ਼ਕਲਾਂ ਦੇ ਬਾਵਜੂਦ ਵਫ਼ਾਦਾਰ ਸਨ।

ਇੱਕ ਵਿਅਕਤੀ ਖੇਡਾਂ ਵਿੱਚ ਸਫ਼ਲ ਹੋਣ ਦਾ ਇੱਕ ਚੰਗਾ ਨਮੂਨਾ ਹੋ ਸਕਦਾ ਹੈ, ਪਰ ਸਫ਼ਲਤਾ ਦਾ ਉਹ ਨਮੂਨਾ ਸਮੇਂ ਦੇ ਨਾਲ-ਨਾਲ ਲੋਪ ਹੋ ਜਾਂਦਾ ਹੈ। ਥਸਲੁਨੀਕੀ ਭਰਾ ਮਜ਼ਬੂਤ, ਵਫ਼ਾਦਾਰ ਮਸੀਹੀ ਲੋਕ ਬਣਨ ਵਿੱਚ ਨਮੂਨਾ ਸਨ। ਉਸ ਕਿਸਮ ਦਾ ਨਮੂਨਾ ਸਮੇਂ ਦੇ ਇਮਤਿਹਾਨ ਵਿੱਚ ਖਰਾ ਉੱਤਰਦਾ ਹੈ ਅਤੇ ਬਾਕੀ ਸਾਰੇ ਨਮੂਨਿਆਂ ਤੋਂ ਉੱਪਰ ਹੁੰਦਾ ਹੈ। ਆਓ ਅਸੀਂ ਪੜਤਾਲ ਕਰੀਏ ਕਿ ਥੱਸਲੁਨੀਕੇ ਦੇ ਲੋਕ ਦੂਜਿਆਂ ਲਈ ਕਿਵੇਂ ਇੱਕ ਨਮੂਨੇ ਦਾ ਕੰਮ ਕਰਦੇ ਹਨ।

*ਉਹ ਰੀਸ ਕਰਨ ਵਿੱਚ ਨਮੂਨਾ ਸਨ।* ਉਹ ਜਾਣਦੇ ਸਨ ਕਿ ਕਿਸ ਦੀ ਰੀਸ ਕਰਨੀ ਹੈ ਯਿਸੂ ਅਤੇ ਪੌਲੁਸ। ਉਹ ਦੁੱਖ ਦੇ ਸਮਿਆਂ ਵਿੱਚ ਮਸੀਹ ਅਤੇ ਪੌਲੁਸ ਵਰਗੇ ਸਨ। ਇਸ ਤੋਂ ਪਹਿਲਾਂ ਕਿ ਕੋਈ ਕਿਸੇ ਲਈ ਨਮੂਨਾ ਬਣ ਸਕੇ, ਉਸ ਨੂੰ ਰੀਸ ਕਰਨ ਵਾਲਾ ਹੋਣਾ ਚਾਹੀਦਾ ਹੈ। ਕਿਸੇ ਨੇ ਕਿਹਾ ਹੈ, "ਹਰ ਕੋਈ ਅਸਲੀ ਪੈਦਾ ਹੁੰਦਾ ਹੈ ਪਰ ਇੱਕ ਨਕਲ ਬਣ ਕੇ ਮਰਦਾ ਹੈ।" ਥੱਸਲੁਨੀਕੇ ਦੇ ਲੋਕ ਯਿਸੂ ਅਤੇ ਪੌਲੁਸ ਦੀਆਂ ਨਕਲਾਂ ਬਣੇ ਸਨ।

*ਉਹ ਧੀਰਜ ਵਿੱਚ ਨਮੂਨਾ ਸਨ।* ਜਦੋਂ ਮੁਸ਼ਕਲ ਸਮੇਂ ਆਏ ਤਾਂ ਉਨ੍ਹਾਂ ਨੇ ਹਾਰ ਨਹੀਂ ਮੰਨੀ। ਪਰਮੇਸ਼ੁਰ ਦਾ ਵਚਨ ਉਨ੍ਹਾਂ ਦੇ ਹਿਰਦਿਆਂ ਵਿੱਚ ਡੂੰਘਿਆਈ ਨਾਲ ਲਿਖਿਆ ਹੋਇਆ ਸੀ ਅਤੇ ਜਦੋਂ ਸਤਾਓ ਦੀ ਹਨੇਰੀ ਚੱਲੀ ਤਾਂ ਉਨ੍ਹਾਂ ਦਾ ਸਮਰਪਣ ਫਿੱਕਾ ਨਹੀਂ ਪਿਆ।

*ਉਹ ਅਨੰਦ ਦੇ ਨਮੂਨੇ ਸਨ।* ਉਨ੍ਹਾਂ ਨੇ ਅਨੰਦ ਪ੍ਰਦਰਸ਼ਿਤ ਕੀਤਾ ਜੋ ਮੁਸ਼ਕਲ ਅਤੇ ਸੁਖਦ ਸਮਿਆਂ ਵਿੱਚ ਆਤਮਾ ਦੇ ਸੰਦੇਸ਼ ਪ੍ਰਤੀ ਆਗਿਆਕਾਰੀ ਬਣਨ ਤੋਂ ਆਉਂਦਾ ਹੈ। ਇਸ ਕਿਸਮ ਦਾ ਅਨੰਦ ਸਭ ਤੋਂ ਵੱਧ ਆਤਮਿਕ ਵਿਅਕਤੀ ਤੋਂ ਲੈ ਕੇ ਸਭ ਤੋਂ ਵੱਡੇ ਪਾਪੀ ਤੱਕ ਹਰੇਕ ਨੂੰ ਪ੍ਰਭਾਵਿਤ ਕਰਦਾ ਹੈ।

*ਉਹ ਨਿਹਚਾ ਦੇ ਨਮੂਨੇ ਸਨ।* ਉਨ੍ਹਾਂ ਦੀ ਨਿਹਚਾ ਆਪਣੇ ਆਪ ਉੱਤੇ ਨਹੀਂ ਸੀ ਜਾਂ ਸਕਾਰਾਤਮਕ ਸੋਚ ਉੱਤੇ ਨਹੀਂ ਸੀ, ਪਰ ਪਰਮੇਸ਼ੁਰ ਉੱਤੇ ਸੀ। ਉਨ੍ਹਾਂ ਨੇ ਪਰਮੇਸ਼ੁਰ ਉੱਤੇ ਨਿਹਚਾ ਕੀਤੀ ਸੀ!

ਥੱਸਲੁਨੀਕੀਆਂ ਨੇ ਦੂਜਿਆਂ ਦੀ ਮਦਦ ਕਰਨ ਲਈ ਸਾਡੀ ਮਦਦ ਕੀਤੀ ਹੈ। ਸਭ ਤੋਂ ਵਧੀਆ ਗੱਲ ਜੋ ਅਸੀਂ ਦੂਜਿਆਂ ਲਈ ਕਰ ਸਕਦੇ ਹਾਂ ਉਹ ਹੈ ਉਨ੍ਹਾਂ ਦੀ ਆਪਣੇ ਨਮੂਨਿਆਂ ਨਾਲ ਅਗਵਾਈ ਕਰਨਾ-ਯਿਸੂ ਦੀ ਰੀਸ ਕਰਕੇ, ਸਤਾਓ ਵਿੱਚ ਵਫ਼ਾਦਾਰ ਬਣ ਕੇ, ਹਮੇਸ਼ਾ ਅਨੰਦਤ ਰਹਿ ਕੇ ਅਤੇ ਪਰਮੇਸ਼ੁਰ ਉੱਤੇ ਨਿਹਚਾ ਕਰਕੇ। EC

**ਪਾਲਣਾ ਕਰਨ ਲਈ ਨਮੂਨੇ (1:6-10)**

ਲੋਕਾਂ ਵਿੱਚ ਰੀਸ ਕਰਨ ਦਾ ਇੱਕ ਮਜ਼ਬੂਤ ਰੁਝਾਨ ਹੁੰਦਾ ਹੈ। ਬੱਚੇ ਹੋਰਨਾਂ ਬੱਚਿਆਂ ਅਤੇ ਬਾਲਗਾਂ ਦੀ ਨਕਲ ਕਰਦੇ ਹਨ। ਸਗੋਂ ਬਾਲਗ ਵੀ ਦੂਜਿਆਂ ਦੇ ਚੰਗੇ ਅਤੇ ਬੁਰੇ ਨਮੂਨਿਆਂ ਦੀ ਨਕਲ ਕਰਦੇ ਹਨ। ਖਿਡਾਰੀ, ਕਾਰੀਗਰ ਅਤੇ ਪੇਸ਼ੇਵਰ ਆਪਣੀਆਂ ਨਿਪੁੰਨਤਾਵਾਂ ਨੂੰ ਵਿਕਸਤ ਕਰਨ ਅਤੇ ਆਪਣੇ ਕੰਮਕਾਜ ਅਤੇ ਪੇਸ਼ੇ ਵਿੱਚ ਤਰੱਕੀ ਕਰਨ ਲਈ ਦੂਜਿਆਂ ਦੇ ਕੰਮਾਂ ਦੀ ਨਕਲ ਕਰਦੇ ਹਨ। ਅਸੀਂ ਦੂਜਿਆਂ ਦੀਆਂ ਸਫ਼ਲਤਾਵਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਉਸ ਵਿੱਚ ਸਫ਼ਲ ਹੋਣ ਦੀ ਕੋਸ਼ਿਸ਼ ਕਰਦੇ ਹਾਂ ਜਿੱਥੇ ਉਹ ਅਸਫ਼ਲ ਹੋਏ ਹਨ।

ਅਧਿਆਇ 1 ਦਾ ਆਖ਼ਰੀ ਭਾਗ ਰੀਸ ਕਰਨ ਬਾਰੇ ਬਹੁਤ ਕੁਝ ਕਹਿੰਦਾ ਹੈ। ਪਹਿਲਾ

ਥੱਸਲੁਨੀਕੀਆਂ 1:6–10 ਥੱਸਲੁਨੀਕੀਆਂ ਦੁਆਰਾ ਕੀਤੀ ਗਈ ਮਹਾਨ ਸ਼ੁਰੂਆਤ ਦਾ ਵਰਣਨ ਕਰਦਾ ਹੈ ਜਦੋਂ ਉਨ੍ਹਾਂ ਨੇ ਖੁਸ਼ਖ਼ਬਰੀ ਦੇ ਪ੍ਰਤੀ ਜਵਾਬ ਦਿੱਤਾ। ਉਨ੍ਹਾਂ ਦੇ ਕੰਮ ਪ੍ਰਭੂ ਅਤੇ ਉਸ ਦੇ ਚੇਲਿਆਂ ਦੇ ਜੀਵਨਾਂ ਦੀ ਰੀਸ ਸਨ ਅਤੇ ਦੂਜੇ ਮਸੀਹੀ ਲੋਕਾਂ ਦੇ ਲਈ ਰੀਸ ਕਰਨ ਯੋਗ ਹਨ। ਦੂਜੇ ਭਰਾਵਾਂ ਦੇ ਜੀਵਨਾਂ ਦਾ ਗਿਆਨ ਇਨ੍ਹਾਂ ਨਵੇਂ ਮਸੀਹੀ ਲੋਕਾਂ ਦੇ ਅਨੁਭਵ ਦਾ ਹਿੱਸਾ ਸੀ ਅਤੇ ਇਹ ਇੱਕ ਅਜਿਹੀ ਚੀਜ਼ ਸੀ ਜੋ ਉਨ੍ਹਾਂ ਨੂੰ ਯਿਸੂ ਦੀ ਦੂਜੀ ਆਮਦ ਦੇ ਲਈ ਤਿਆਰੀ ਕਰਨ ਵਿੱਚ ਮਦਦ ਕਰੇਗੀ।

ਸਾਨੂੰ ਕਿਸ ਦੀ ਰੀਸ ਕਰਨੀ ਚਾਹੀਦੀ ਹੈ ਅਤੇ ਅਸੀਂ ਇਹ ਕਿਵੇਂ ਕਰ ਸਕਦੇ ਹਾਂ? ਸਾਨੂੰ ਕਿਸ ਦੇ ਲਈ ਨਮੂਨੇ ਬਣਨਾ ਚਾਹੀਦਾ ਹੈ?

*ਮਸੀਹੀ ਨਮੂਨਿਆਂ ਦੀ ਰੀਸ ਕਰੋ* (1:6)। ਇਹ ਇੱਕ ਆਮ ਕਹਾਵਤ ਹੈ ਕਿ "ਮਸੀਹੀਅਤ ਨੂੰ ਸਿਖਣ ਨਾਲੋਂ ਫੜਨਾ ਜ਼ਿਆਦਾ ਬਿਹਤਰ ਹੈ"-ਇਸ ਦਾ ਅਰਥ ਹੈ ਕਿ ਇੱਕ ਵਿਅਕਤੀ ਦੇ ਜੀਵਨ ਵਿੱਚ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਹੁੰਦਾ ਵੇਖ ਕੇ ਸਿੱਖਣਾ ਪਾਠਾਂ ਨੂੰ ਸੁਣਨ ਨਾਲੋਂ ਜ਼ਿਆਦਾ ਸੌਖਾ ਹੈ। ਇੱਕ ਹੋਰ ਕਹਾਵਤ ਇਹ ਹੈ ਕਿ "ਮਸੀਹੀਅਤ ਨੂੰ ਫੜਨ ਨਾਲੋਂ ਸਿੱਖਣਾ ਜ਼ਿਆਦਾ ਬਿਹਤਰ ਹੈ," ਜੋ ਪਰਮੇਸ਼ੁਰ ਦੇ ਸੰਪੂਰਣ ਵਚਨ ਨੂੰ ਜਾਣਨ ਦੇ ਲਾਭ ਅਤੇ ਇਸ ਨਿਸ਼ਚਤਤਾ ਦੇ ਜ਼ੋਰ ਦਿੰਦਾ ਹੈ ਕਿ ਹਰ ਮਸੀਹੀ ਵਿਅਕਤੀ ਅਧੂਰਾ ਵਿਹਾਰ ਕਰਦਾ ਹੈ ਅਤੇ ਇਸ ਲਈ ਇੱਕ ਅਧੂਰਾ ਨਮੂਨਾ ਹੈ।

ਬਾਈਬਲ ਦੀ ਸੱਚਾਈ ਇਹ ਹੈ ਕਿ ਮਸੀਹੀਅਤ ਨੂੰ ਤਦ ਹੀ ਉੱਤਮ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ ਜੇਕਰ ਇਸ ਨੂੰ ਸਿੱਖਿਆ ਅਤੇ ਫੜਿਆ ਜਾਵੇ। ਸਾਨੂੰ ਪਰਮੇਸ਼ੁਰ ਦੀ ਇੱਛਾ ਸਿਖਾਈ ਜਾਣੀ ਚਾਹੀਦੀ ਹੈ, ਪਰ ਸਾਨੂੰ ਦੂਜਿਆਂ ਦੇ ਜੀਵਨਾਂ ਵਿੱਚ ਮਸੀਹੀਅਤ ਨੂੰ ਵੀ ਵੇਖਣ ਦੀ ਲੋੜ ਹੈ। ਪਰਮੇਸ਼ੁਰ ਨੇ ਸਾਨੂੰ ਯਿਸੂ ਵਿੱਚ ਇੱਕ ਸੰਪੂਰਣ ਜੀਵਨ ਦਾ ਨਮੂਨਾ ਦਿੱਤਾ ਹੈ। ਜਦੋਂ ਥੱਸਲੁਨੀਕੀਆਂ ਨੂੰ ਖੁਸ਼ਖ਼ਬਰੀ ਸਿਖਾਈ ਗਈ ਤਾਂ ਉਹ ਯਿਸੂ ਵਰਗੇ ਕੰਮ ਕਰਨਾ ਅਤੇ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਸਿੱਖਿਆ ਦੇਣ ਵਾਲਿਆਂ ਦੇ ਵਿਹਾਰ ਦੀ ਨਕਲ ਵੀ ਕੀਤੀ (1:6)। ਇਸ ਤੋਂ ਉਨ੍ਹਾਂ ਸਭਨਾਂ ਸਿੱਖਿਆ ਦੇਣ ਵਾਲਿਆਂ ਨੂੰ ਉਸ ਨੁਕਸਾਨ ਤੋਂ ਗੰਭੀਰਤਾ ਨਾਲ ਜਾਣੂ ਹੋਣਾ ਚਾਹੀਦਾ ਹੈ ਜੋ ਕਿਸੇ ਨੂੰ ਪਹੁੰਚਾਇਆ ਜਾ ਸਕਦਾ ਹੈ ਜੇਕਰ ਅਸੀਂ ਆਪਣੇ ਕੰਮਾਂ ਰਾਹੀਂ ਦੂਜਿਆਂ ਨੂੰ ਭਟਕਾਉਂਦੇ ਹਾਂ। ਇਸ ਦੇ ਨਾਲ-ਨਾਲ ਅਸੀਂ ਦੂਜਿਆਂ ਦੀ ਨਕਲ ਕਰਨ ਲਈ ਇੱਕ ਨਮੂਨੇ ਵਜੋਂ ਧਰਮੀ ਜੀਵਨ ਦੀ ਸ਼ਕਤੀ ਤੋਂ ਜਾਣੂ ਹੋਣਾ ਹੈ ਜਦੋਂ ਉਹ ਪਰਮੇਸ਼ੁਰ ਦੇ ਵਚਨ ਨੂੰ ਅਮਲ ਵਿੱਚ ਲਿਆਉਣ ਦੀ ਕੋਸ਼ਿਸ਼ ਕਰਦੇ ਹਨ।

ਜਦ ਕਿ "ਵੱਡੀ ਬਿਪਤਾ" ਬਹੁਤ ਸਾਰੇ ਮਸੀਹੀ ਲੋਕਾਂ ਦੇ ਲਈ ਸਿਰਫ ਇੱਕ ਦੂਰ ਦਾ ਵਿਚਾਰ ਸੀ, ਥੱਸਲੁਨੀਕੀਆਂ ਲਈ ਇਹ ਉਸ ਦਿਨ ਤੋਂ ਹੀ ਇੱਕ ਬੋਝ ਸੀ ਜਿਸ ਦਿਨ ਉਨ੍ਹਾਂ ਨੇ ਖੁਸ਼ਖ਼ਬਰੀ ਦੀ ਪਾਲਣਾ ਕੀਤੀ ਸੀ। ਪੁਰਾਣੇ ਜ਼ਮਾਨੇ ਦੇ ਜ਼ਿਆਦਾਤਰ ਸ਼ਹਿਰ ਸਿਰਫ ਸੌ ਕੁ ਪਰਿਵਾਰਾਂ ਦੇ ਹੁੰਦੇ ਸਨ। ਜਦੋਂ ਖੁਸ਼ਖ਼ਬਰੀ ਦਾ ਪ੍ਰਚਾਰ ਅਜਿਹੇ ਛੋਟੇ ਸਮਾਜਾਂ ਵਿੱਚ ਕੀਤਾ ਜਾਂਦਾ ਸੀ, ਹਰੇਕ ਨੂੰ ਪਤਾ ਲੱਗ ਜਾਂਦਾ ਸੀ ਕਿ ਕਿਸ ਨੇ ਆਪਣੇ ਵਿਸ਼ਵਾਸ ਨੂੰ ਬਦਲਿਆ ਹੈ। ਰੋਜ਼ਾਨਾ ਪਰਿਵਾਰਕ ਪੂਜਾ, ਮੰਦਰ ਵਿਚ ਕੀਤੀ ਜਾਣ ਵਾਲੀ ਪੂਜਾ, ਲਗਾਤਾਰ ਤਿਉਹਾਰ ਮਨਾਉਣਾ ਅਤੇ ਸਾਲਾਨਾ ਤੀਰਥ ਯਾਤਰਾਵਾਂ-ਇਹ ਸਭ ਝੂਠੇ ਦੇਵਤਿਆਂ ਨੂੰ ਸਵੀਕਾਰਨ ਦੇ ਲਈ ਕੀਤਾ ਜਾਂਦਾ ਸੀ–ਇਹ ਸਭ ਹੁਣ ਤੋਂ ਮਸੀਹੀ ਵਿਅਕਤੀ ਦੇ ਜੀਵਨ ਦਾ ਹਿੱਸਾ ਨਹੀਂ ਹੋਣਗੇ। ਉਸ ਦੇ ਘਰ ਵਿੱਚ ਮੂਰਤੀਆਂ ਨਹੀਂ ਹੁੰਦੀਆਂ; ਉਹ ਮੰਦਿਰ ਵਿੱਚ ਦਿੱਤੀਆਂ ਜਾਣ

ਵਾਲੀਆਂ ਬਲੀਆਂ ਵਿੱਚ ਸਾਂਝੀ ਨਹੀਂ ਸੀ ਹੁੰਦਾ; ਉਹ ਧਾਰਮਿਕ ਜਲੂਸਾਂ ਵਿੱਚ ਸ਼ਾਮਲ ਨਹੀਂ ਸੀ ਹੁੰਦਾ। ਗੁਆਂਢੀਆਂ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਸੀ ਅਤੇ ਉਹ ਇਸ ਨੂੰ ਪਸੰਦ ਨਹੀਂ ਸੀ ਕਰਦੇ। ਦੁਰਵਿਹਾਰ, ਬਰਾਦਰੀ ਵਿੱਚੋਂ ਬੇਦਖਲੀ ਅਤੇ ਕੁੱਟਮਾਰ ਮਸੀਹੀ ਹੋਣ ਦਾ ਇੱਕ ਹਿੱਸਾ ਸਨ।

ਇਨ੍ਹਾਂ ਹਾਲਾਤਾਂ ਦੇ ਬਾਵਜੂਦ, ਥੱਸਲੁਨੀਕੇ ਦੇ ਮਸੀਹੀ ਲੋਕ ਅਨੰਦ ਨਾਲ ਭਰੇ ਹੋਏ ਸਨ। ਸਾਡੇ ਲਈ ਇਸ ਨੂੰ ਸਮਝਣਾ ਔਖਾ ਹੈ! ਉਨ੍ਹਾਂ ਨੇ ਇਹੋ ਜਿਹਾ ਰਵੱਈਆ ਕਿਵੇਂ ਵਿਕਸਤ ਕੀਤਾ ਸੀ? ਮਨੁੱਖੀ ਆਤਮਾ ਨੇ-ਚੋਟ, ਵਿਤਕਰਾ ਅਤੇ ਵਖਰੇਵੇਂ ਦੀਆਂ ਇਸ ਦੀਆਂ ਭਾਵਨਾਵਾਂ ਨਾਲ-ਪਵਿੱਤਰ ਆਤਮਾ ਨੂੰ ਥਾਂ ਦਿੱਤਾ ਜਿਸ ਨੇ ਇਨ੍ਹਾਂ ਮਸੀਹੀ ਲੋਕਾਂ ਨੂੰ ਪਰਮੇਸ਼ੁਰ ਦੇ ਪ੍ਰੇਮ ਅਤੇ ਮਿੱਤਰਤਾ, ਪਰਮੇਸ਼ੁਰ ਦੀ ਸ਼ਾਂਤੀ ਅਤੇ ਸੁਰੱਖਿਆ, ਪਰਮੇਸ਼ੁਰ ਦੇ ਪ੍ਰਬੰਧ ਅਤੇ ਤਕਦੀਰ ਦਾ ਮੁੜ ਭਰੋਸਾ ਦਿੱਤਾ। ਜਦੋਂ ਉਨ੍ਹਾਂ ਨੇ ਇਨ੍ਹਾਂ ਬਰਕਤਾਂ ਤੇ ਵਿਚਾਰ ਕੀਤਾ, ਉਹ ਅਨੰਦ ਕਰ ਸਕੇ। ਉਨ੍ਹਾਂ ਨੇ ਪੌਲੁਸ ਨੂੰ ਇਸ ਤਰ੍ਹਾਂ ਵਿਹਾਰ ਕਰਦੇ ਵੇਖਿਆ ਸੀ, ਕਿਉਂਕਿ ਉਸ ਨੇ ਆਪਣੇ ਆਪ ਨੂੰ ਜਿਸ ਹਾਲ ਵਿੱਚ ਪਾਇਆ ਸੀ "ਉਸੇ ਹਾਲ ਵਿੱਚ ਸੰਤੋਖ ਰੱਖਣਾ ਸਿੱਖ ਲਿਆ ਸੀ" (ਫ਼ਿਲਿੱਪੀਆਂ 4:11)।

ਹੁਣ ਉਹ ਮੂਰਤੀਪੂਜਾ ਵਿੱਚ ਸ਼ਾਮਲ ਨਹੀਂ ਸੀ ਹੁੰਦੇ। ਉਹ ਆਪਣੇ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਦੀ ਧਾਰਮਕ ਬਰਾਦਰੀ ਵਿੱਚ ਸ਼ਾਮਲ ਨਹੀਂ ਸੀ ਹੁੰਦੇ। ਉਨ੍ਹਾਂ ਨੇ ਚੋਣ ਕੀਤੀ ਸੀ। ਉਹ ਵੇਖ ਸਕਦੇ ਸਨ ਕਿ ਪਰਮੇਸ਼ੁਰ ਅਤੇ ਧਰਮੀ ਲੋਕਾਂ ਦੀ ਰੀਸ ਕਰਨ ਦੇ ਦੁਆਰਾ ਉਨ੍ਹਾਂ ਨੇ ਜੀਵਨ ਵਿੱਚ ਸਭ ਤੋਂ ਵਧੀਆ ਰਾਹ ਚੁਣਿਆ ਸੀ। ਇਹ ਉਨ੍ਹਾਂ ਨੂੰ ਵੱਡੀ ਬਿਪਤਾ ਵਿੱਚ ਧੀਰਜ ਰੱਖਣ ਦੇ ਲਈ ਉਤਸ਼ਾਹਿਤ ਕਰਦਾ ਸੀ। ਕੀ ਅਸੀਂ ਫ਼ਰਕ ਵੇਖ ਸਕਦੇ ਹਾਂ? ਕੀ ਅਸੀਂ ਸਹੀ ਚੋਣ ਕਰ ਸਕਦੇ ਹਾਂ? ਇਹ ਜਾਣਦੇ ਹੋਏ ਕਿ ਇਹ ਜੀਵਨ ਦਾ ਸਭ ਤੋਂ ਵਧੀਆ ਰਾਹ ਹੈ, ਕੀ ਅਸੀਂ ਪ੍ਰਭੂ ਦੇ ਨਮੂਨੇ ਤੇ ਚੱਲ ਸਕਦੇ ਹਾਂ?

*ਦੂਜਿਆਂ ਦੇ ਰੀਸ ਕਰਨ ਲਈ ਇੱਕ ਨਮੂਨਾ ਬਣੋ* (1:7)। ਪਰਮੇਸ਼ੁਰ ਦੇ ਰਾਹ ਨੂੰ ਚੁਣਨਾ ਸਾਡੇ ਲਈ ਸਭ ਤੋਂ ਵਧੀਆ ਹੈ, ਪਰ ਇਹ ਦੂਜਿਆਂ ਲਈ ਵੀ ਚੰਗਾ ਹੈ ਜਦੋਂ ਅਸੀਂ ਇਹ ਚੋਣ ਕਰਦੇ ਹਾਂ। ਪਰਮੇਸ਼ੁਰ ਨੇ ਦੂਜੇ ਲੋਕਾਂ ਨੂੰ ਇਹ ਸਿੱਖਣ ਵਿੱਚ ਮਦਦ ਕਰਨ ਲਈ ਕਿ ਉਹ ਕਿਸ ਤਰ੍ਹਾਂ ਦਾ ਹੈ ਆਪਣੇ ਲੋਕਾਂ ਨੂੰ ਹਮੇਸ਼ਾ ਇਸਤੇਮਾਲ ਕੀਤਾ ਹੈ।

ਰਸੂਲਾਂ ਦੇ ਕਰਤੱਬ ਨਾ ਸਿਰਫ ਥੱਸਲੁਨੀਕੀਆਂ ਵਿੱਚ ਮਸੀਹੀ ਲੋਕਾਂ ਦੇ ਬਾਰੇ ਗੱਲ ਕਰਦੀ ਹੈ ਪਰ ਮਕਦੂਨਿਯਾ ਵਿੱਚ ਫ਼ਿਲਿੱਪੈ ਅਤੇ ਬਰਿਯਾ ਅਤੇ ਅਖਾਯਾ ਵਿੱਚ ਅਥੇਨੈ ਅਤੇ ਕੁਰਿੰਥੁਸ ਵਿੱਚ ਵੀ। ਬਹੁਤ ਸਾਰੀਆਂ ਕਲੀਸੀਆਵਾਂ ਵਿੱਚ ਬਹੁਤ ਸਾਰੇ ਮਸੀਹੀ ਲੋਕਾਂ ਨੇ ਜਿਨ੍ਹਾਂ ਵਿੱਚ ਇਹ ਭਰਾ ਵੀ ਸ਼ਾਮਲ ਸਨ। ਮੁਸ਼ਕਲ ਹਾਲਾਤਾਂ ਵਿੱਚ ਖੁਸ਼ਖ਼ਬਰੀ ਦੇ ਪ੍ਰਤੀ ਥੱਸਲੁਨੀਕੀਆਂ ਦੇ ਅਨੰਦਤ ਜਵਾਬ ਬਾਰੇ ਸੁਣਿਆ ਸੀ ਅਤੇ ਉਹ ਉਸ ਨਮੂਨੇ ਤੇ ਚੱਲਣ ਲਈ ਉਤਸ਼ਾਹਿਤ ਹੋਏ ਸਨ। ਇਸ ਨੇ ਉਨ੍ਹਾਂ ਦੀ ਮੁਸ਼ਕਲ ਸਮਿਆਂ ਵਿੱਚ ਮਦਦ ਕੀਤੀ। ਸਪੱਸ਼ਟ ਤੌਰ ਤੇ, ਦੂਜੀਆਂ ਕਲੀਸੀਆਵਾਂ ਬਾਰੇ ਖ਼ਬਰ ਮਸੀਹੀ ਵਾਤਾਵਰਣ ਦਾ ਇੱਕ ਹਿੱਸਾ ਸੀ ਜਿਸ ਨੇ ਮੰਡਲੀਆਂ ਨੂੰ ਸਿਆਣਾ ਬਣਨ ਵਿੱਚ ਮਦਦ ਕੀਤੀ।

ਕਈ ਵਾਰ ਅਸੀਂ ਸੋਚਦੇ ਹਾਂ ਕਿ ਸਥਾਨਕ ਮੰਡਲੀ ਵਿੱਚ ਜੋ ਚੱਲ ਰਿਹਾ ਹੁੰਦਾ ਹੈ ਦੂਜਿਆਂ ਦਾ ਉਸ ਵਿੱਚ ਦਖ਼ਲ ਦੇਣ ਦਾ ਕੋਈ ਕੰਮ ਨਹੀਂ ਹੈ। ਮੰਡਲੀਆਂ ਵਿਚਕਾਰ ਸੰਬੰਧਾਂ ਲਈ ਪਰਮੇਸ਼ੁਰ ਦੀ ਇੱਛਾ ਵੱਖਰੀ ਹੈ। ਅਸੀਂ ਅਜ਼ਾਦੀ ਅਤੇ ਵਖਰੇਵੇਂ ਨੂੰ ਕਈ ਵਾਰ ਗਲਤੀ ਨਾਲ ਖ਼ੁਦਮਖ਼ਿਤਿਆਰੀ-ਮੰਡਲੀ ਨੂੰ ਪਰਮੇਸ਼ੁਰ ਦੇ ਮਾਰਗ-ਦਰਸ਼ਨ ਅਧੀਨ ਆਪਣੇ ਕੰਮਾਂ

ਦਾ ਆਪ ਪ੍ਰਬੰਧ ਕਰਨ ਦੀ ਲੋੜ ਹੈ-ਸਮਝ ਲੈਂਦੇ ਹਾਂ। ਆਪਣੀ ਖ਼ਬਰ ਨੂੰ ਸਾਂਝਾ ਕਰਨਾ ਬਾਈਬਲ ਅਧਾਰਿਤ ਨਮੂਨਾ ਹੈ। ਸਗੋਂ ਸੰਸਾਰ ਦੇ ਦੂਜੇ ਹਿੱਸੇ, ਆਸਟ੍ਰੇਲੀਆ ਵਿੱਚ ਵੀ ਲੋਕ ਜਾਣਦੇ ਹਨ ਕਿ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਥੱਸਲੁਨੀਕੇ ਵਿੱਚ ਇਸ ਨਵੀਂ ਕਲੀਸੀਆ ਵਿੱਚ ਕੀ ਚੱਲ ਰਿਹਾ ਸੀ!

ਜਦੋਂ ਅਸੀਂ ਇਸ ਗੱਲ ਤੇ ਵਿਚਾਰ ਕਰਦੇ ਹਾਂ ਕਿ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਤਾਇਆ ਅਤੇ ਉਨ੍ਹਾਂ ਦੇ ਗੁਆਂਢੀਆਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ, ਇਹ ਸਾਨੂੰ ਉਨ੍ਹਾਂ ਮੁਸ਼ਕਲਾਂ ਨਾਲ ਨਜਿੱਠਣ ਵਿੱਚ ਸਾਡੀ ਮਦਦ ਕਰ ਸਕਦਾ ਹੈ ਜਿਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਾਂ। ਥੱਸਲੁਨੀਕੇ ਵਿੱਚ ਮਸੀਹੀ ਲੋਕਾਂ ਨੂੰ ਨੌਕਰੀਆਂ ਹਾਸਲ ਕਰਨ ਵਿੱਚ, ਰਾਸ਼ਣ ਅਤੇ ਹੋਰ ਲੋੜਵੰਦ ਚੀਜ਼ਾਂ ਖਰੀਦਣ ਵਿੱਚ ਅਤੇ ਆਪਣੇ ਗੁਆਂਢੀਆਂ ਨਾਲ ਮਿੱਤਰਤਾ ਬਣਾਉਣ ਵਿੱਚ ਮੁਸ਼ਕਲ ਹੋਈ ਹੋਵੇਗੀ। ਭਾਵੇਂ ਸਾਡੀਆਂ ਮੁਸ਼ਕਲਾਂ ਇਨ੍ਹਾਂ ਆਰੰਭਕ ਮਸੀਹੀਆਂ ਦੇ ਵਾਂਗ ਹੋਣ ਜਾਂ ਨਾ ਹੋਣ, ਸਾਡੇ ਆਤਮਿਕ ਯੁੱਧ ਅਤੇ ਤਰੱਕੀ ਲਈ ਧਮਕੀਆਂ ਬਹੁਤ ਹੀ ਅਸਲ ਹਨ। ਇਹ ਜਾਣਨਾ ਕਿ ਦੂਜੇ ਲੋਕ ਵਿਰੋਧਤਾ ਦੇ ਬਾਵਜੂਦ ਵੀ ਵਫ਼ਾਦਾਰ ਰਹੇ ਹਨ ਸਾਨੂੰ ਦ੍ਰਿੜ ਭਾਵਨਾਵਾਂ ਨਾਲ ਧੀਰਜ ਰੱਖਣ ਵਿੱਚ ਮਦਦ ਕਰ ਸਕਦਾ ਹੈ।

ਸਭ ਤੋਂ ਛੋਟੀ ਮੰਡਲੀ ਵੀ ਕਿਸੇ ਵੀ ਸ਼ਹਿਰ, ਰਾਜ, ਦੇਸ ਅਤੇ ਮਹਾਂਦੀਪ ਵਿੱਚ ਦੂਜਿਆਂ ਲਈ ਇੱਕ ਉਤਸ਼ਾਹ ਦੇਣ ਵਾਲਾ ਨਮੂਨਾ ਹੋ ਸਕਦੀ ਹੈ ਜੇਕਰ ਉਸ ਦੇ ਮੈਂਬਰ ਮੁਸ਼ਕਲ ਹਾਲਾਤਾਂ ਵਿੱਚ ਵੀ ਮਸੀਹੀਅਤ ਦਾ ਪਾਲਣ ਕਰਨ ਦੇ ਚਾਹਵੰਦ ਹੋਣ। ਕਈ ਵਾਰ ਅਸੀਂ ਸੋਚਦੇ ਹਾਂ ਕਿ ਸਿਰਫ ਵੱਡੀਆਂ ਮੰਡਲੀਆਂ ਹੀ ਸਾਡੇ ਨਮੂਨੇ ਹੋਣੇ ਚਾਹੀਦੇ ਹਨ, ਪਰ ਇਨ੍ਹਾਂ ਨਵੇਂ ਮਸੀਹੀ ਲੋਕਾਂ ਦਾ ਪ੍ਰਭਾਵ ਸਾਨੂੰ ਇਹ ਚੇਤੇ ਕਰਾਉਣਾ ਚਾਹੀਦਾ ਹੈ ਕਿ ਸਗੋਂ ਇੱਕ ਛੋਟੀ ਜਿਹੀ ਮੰਡਲੀ ਵਿੱਚ ਇੱਕ ਉਤਸੁਕ ਰੂਹ ਸਾਡੇ ਆਲੇ-ਦੁਆਲੇ ਦੀ ਸਭ ਤੋਂ ਵੱਡੀ ਕਲੀਸੀਆ ਦੇ ਲਈ ਇੱਕ ਨਮੂਨਾ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦੀ ਹੈ।

*ਦੂਜਿਆਂ ਨੂੰ ਨਮੂਨਾ ਬਣਨ ਵਿੱਚ ਅਗਵਾਈ ਕਰਨਾ* (1:8)। ਜਦੋਂ ਥੱਸਲੁਕੀਨੇ ਵਿੱਚ ਖੁਸ਼ਖ਼ਬਰੀ ਫੈਲ ਗਈ ਤਾਂ ਸਿੱਖਿਆ ਦੇਣ ਵਾਲਿਆਂ ਦੀਆਂ ਨੌਕਰੀਆਂ ਜਾਂਦੀਆਂ ਰਹੀਆਂ! ਸਿੱਖਿਆ ਲੈਣ ਵਾਲੇ ਵਿਦਿਆਰਥੀ ਉਨ੍ਹਾਂ ਤੋਂ ਅੱਗੇ ਨਿੱਕਲ ਗਏ। ਆਪਣੇ ਪਾਠਾਂ ਨੂੰ ਚੰਗੀ ਤਰ੍ਹਾਂ ਸਿਖ ਕੇ, ਨਵੇਂ ਮਸੀਹੀ ਲੋਕ ਹਰ ਕਿਸੇ ਨੂੰ ਖੁਸ਼ਖ਼ਬਰੀ ਦੇ ਬਾਰੇ ਦੱਸ ਰਹੇ ਸਨ। ਨਾ ਸਿਰਫ ਉਸ ਇਲਾਕੇ ਵਿੱਚ, ਪਰ ਪੂਰੀ ਦੁਨੀਆ ਵਿੱਚ, ਲੋਕ ਖੁਸ਼ਖ਼ਬਰੀ ਦੇ ਬਾਰੇ ਅਤੇ ਕਿਵੇਂ ਇਸ ਤੋਂ ਲਾਭ ਉਠਾਉਣਾ ਹੈ ਬਾਰੇ ਸੁਣ ਰਹੇ ਸਨ, ਉਹ ਬੜੀ ਉਤਸੁਕਤਾ ਨਾਲ ਲੋਕਾਂ ਨੂੰ ਉਸ ਬਾਰੇ ਦੱਸ ਰਹੇ ਸਨ ਜੋ ਥੱਸਲੁਨੀਕੇ ਵਿੱਚ ਹੋ ਰਿਹਾ ਸੀ (1:8)। ਪੌਲੁਸ, ਸੀਲਾਸ ਅਤੇ ਤਿਮੋਥਿਉਸ ਨੂੰ ਇੱਧਰ-ਉੱਧਰ ਜਾ ਕੇ ਲੋਕਾਂ ਨੂੰ ਇਹ ਸੁਣਾਉਣ ਦੀ ਲੋੜ ਨਹੀਂ ਪਈ ਕਿ ਅਸਲ ਵਿਚ ਕੀ ਹੋਇਆ ਸੀ। ਸੰਦੇਸ਼ ਅਤੇ ਇਸ ਦੇ ਨਤੀਜੇ ਸਿੱਖਿਆ ਦੇਣ ਵਾਲਿਆਂ ਨਾਲੋਂ ਵੀ ਜ਼ਿਆਦਾ ਤੇਜ਼ੀ ਨਾਲ ਫੈਲੇ ਸਨ।

ਸੱਚੀ ਨਿਹਚਾ ਚੰਗੇ ਤਰੀਕੇ ਨਾਲ ਲੋਕਾਂ ਦੇ ਜੀਵਨਾਂ ਨੂੰ ਬਦਲੇਗੀ। ਦੂਜੇ ਲੋਕ ਜੋ ਇਨ੍ਹਾਂ ਨਤੀਜਿਆਂ ਨੂੰ ਵੇਖਦੇ ਹਨ ਇਸ ਦਾ ਕਾਰਣ ਜਾਣਨਾ ਅਤੇ ਇਸ ਨੂੰ ਅੱਗੇ ਸੌਂਪਣਾ ਚਾਹੁਣਗੇ! ਬੁਰੀ ਖ਼ਬਰ ਤੇਜ਼ੀ ਨਾਲ ਫੈਲਦੀ ਹੈ ਕਿਉਂਕਿ ਇਹ ਹੈਰਾਨ ਕਰਨ ਵਾਲੀ ਅਤੇ ਅਸਧਾਰਨ ਹੁੰਦੀ ਹੈ। ਸੱਚੀ ਮਸੀਹੀਅਤ ਹੈਰਾਨ ਕਰਨ ਵਾਲੀ ਅਤੇ ਅਸਧਾਰਨ ਹੋ ਸਕਦੀ ਹੈ, ਪਰ ਇਹ ਆਕਰਸ਼ਕ ਵੀ ਹੁੰਦੀ ਹੈ ਅਤੇ ਇਸ ਦੀ ਧੋਖੇ, ਸੰਦੇਹਵਾਦ ਅਤੇ ਅਸੁਰੱਖਿਆ ਵਾਲੇ ਸੰਸਾਰ ਵਿੱਚ ਬਹੁਤ ਜ਼ਿਆਦਾ ਲੋੜ ਹੈ। ਮੰਡਲੀ ਵਿੱਚ ਇੱਕ ਵਿਅਕਤੀ ਸਮੁੱਚੀ ਕਲੀਸੀਆ

ਦੀ ਲਗਾਤਾਰ ਖੁਸ਼ਖ਼ਬਰੀ ਸੁਣਨ ਵਿੱਚ ਮਦਦ ਕਰ ਸਕਦਾ ਹੈ। ਇੱਕ ਵਿਅਕਤੀ ਹੋਰ ਬਹੁਤ ਸਾਰਿਆਂ ਨੂੰ ਸਥਾਨਕ ਮੰਡਲੀਆਂ ਦੀਆਂ ਖ਼ਬਰਾਂ ਭੇਜ ਸਕਦਾ ਹੈ। ਪਰਮੇਸ਼ੁਰ ਆਪਣੀ ਕਲੀਸੀਆ ਬਾਰੇ ਲੋਕਾਂ ਕੋਲੋਂ ਸਕਾਰਾਤਮਕ ਗੱਲਾਂ ਸੁਣਨਾ ਪਸੰਦ ਕਰਦਾ ਹੈ। ਇਹ ਉਸ ਦਾ ਆਦਰ ਕਰਨਾ ਅਤੇ ਰੂਹਾਂ ਦੀ ਮਦਦ ਕਰਨਾ ਹੈ। ਆਓ ਅਸੀਂ ਮਸੀਹੀ ਲੋਕਾਂ ਨੂੰ ਉਸ ਅੱਛਾਈ ਦਾ ਜੋ ਉਹ ਦੂਜੇ ਲੋਕਾਂ ਵਿੱਚ ਵੇਖਦੇ ਅਤੇ ਸੁਣਦੇ ਹਨ ਪਾਲਣ ਕਰਨ ਦੇ ਲਈ ਉਤਸ਼ਾਹਿਤ ਕਰਨ ਵਾਸਤੇ ਚੰਗੀਆਂ ਖ਼ਬਰਾਂ ਦੀ ਗਿਣਤੀ ਵਿੱਚ ਵਾਧਾ ਕਰੀਏ।

*ਨਮੂਨਾ ਰੱਖਣ ਦੇ ਲਈ ਚੁਣਨਾ* (1:9, 10)। ਰੀਸ ਕਰਨ ਲਈ ਪਹਿਲਾ ਕਦਮ ਚੋਣ ਕਰਨਾ ਹੈ। ਉਨ੍ਹਾਂ ਲੋਕਾਂ ਦੇ ਲਈ ਜਿਹੜੇ ਬਹੁਤ ਸਾਰੇ ਦੇਵੀ-ਦੇਵਤਿਆਂ ਵਿਚ ਵਿਸ਼ਵਾਸ ਕਰਦੇ ਹਨ, ਪੌਲੁਸ ਨੇ ਇੱਕ ਸੱਚੇ ਪਰਮੇਸ਼ੁਰ ਦੀ ਗੱਲ ਕੀਤੀ ਜਿਸ ਤੋਂ ਅਥੇਨੈ ਦੇ ਲੋਕ ਅਣਜਾਣ ਸਨ (ਰਸੂਲਾਂ ਦੇ ਕਰਤੱਬ 17:22–31)। ਉਸ ਨੇ ਕਿਹਾ ਕਿ ਇਹ ਪਰਮੇਸ਼ੁਰ ਅਸੀਮ ਸ਼ਕਤੀ, ਸਰਬੋਤਮ ਬੁੱਧ ਅਤੇ ਅਪਾਰ ਪ੍ਰੇਮ ਵਾਲਾ ਪਰਮੇਸ਼ੁਰ ਹੈ। ਉਸ ਦੀ ਤੁਲਨਾ ਵਿੱਚ ਕੋਈ ਹੋਰ ਦੇਵਤਾ ਤੁੱਛ ਸੀ। ਸਭ ਤੋਂ ਵੱਡੀ ਅਚਰਜ ਗੱਲ ਪਰਮੇਸ਼ੁਰ ਦੀ ਸ਼ਾਨ ਨਹੀਂ ਸੀ, ਪਰ ਉਸ ਦੀ ਨੇੜਤਾ ਕਿਉਂਕਿ ਉਹ “ਸਾਡੇ ਵਿੱਚੋਂ ਕਿਸੇ ਤੋਂ ਦੂਰ ਨਹੀਂ” (ਆਇਤ 27)। ਪਰਮੇਸ਼ੁਰ ਇੱਕ ਪਿਤਾ ਵਰਗਾ ਹੈ ਜਿਸ ਦੇ ਬੱਚੇ ਉਹ ਲੋਕ ਹਨ ਜੋ ਕਿਤੇ ਹੋਰ ਹਨ ਅਤੇ ਜਿਹੜੇ ਬਹੁਤ ਸਾਰੇ ਤਰੀਕਿਆਂ ਨਾਲ ਉਸ ਵਰਗੇ ਹਨ। ਥੱਸਲੁਨੀਕੇ ਦੇ ਲੋਕ ਮੂਰਤੀਪੂਜਾ ਅਤੇ ਸੱਚੇ ਪਰਮੇਸ਼ੁਰ ਦੇ ਪਿੱਛੇ ਚੱਲਣ ਵਿਚਕਾਰ ਫ਼ਰਕ ਵੇਖ ਸਕਦੇ ਸਨ।

ਉਨ੍ਹਾਂ ਦੇ ਬਹੁਤ ਸਾਰੇ ਦੇਵੀ-ਦੇਵਤਿਆਂ ਦੇ ਅਧੀਨ ਪਾਲਣ-ਪੋਸ਼ਣ ਦੇ ਬਾਵਜੂਦ, ਥੱਸਲੁਨੀਕੀਆਂ ਨੇ ਫ਼ਰਕ ਵੇਖਿਆ ਸੀ ਅਤੇ ਘਟੀਆ ਨੂੰ ਛੱਡਣ ਅਤੇ ਵਧੀਆ ਦਾ ਅਨੰਦ ਮਾਣਨ ਦੇ ਉਤਸੁਕ ਸਨ (1:9, 10)। ਉਨ੍ਹਾਂ ਨੇ ਉਸ ਪਰਮੇਸ਼ੁਰ ਦੇ ਲਈ ਜਿਹੜਾ ਉਨ੍ਹਾਂ ਨਾਲ ਮਿੱਤਰਤਾਪੂਰਵਕ ਵਿਹਾਰ ਕਰੇਗਾ ਜਿਵੇਂ ਇੱਕ ਪਿਤਾ ਉਸ ਦੇ ਆਪਣੇ ਬੱਚਿਆਂ ਨਾਲ ਕਰਦਾ ਹੈ ਧੌਂਸ ਜਮਾਉਣ ਵਾਲੇ ਸੁਆਰਥੀ ਯੂਨਾਨੀ ਦੇਵਤਾਗਣ ਨੂੰ ਛੱਡਣ ਦਾ ਫ਼ੈਸਲਾ ਕੀਤਾ ਸੀ। ਉਨ੍ਹਾਂ ਨੇ ਵਿਕਲਪਾਂ ਦੇ ਬਾਰੇ ਸੋਚ-ਵਿਚਾਰ ਕੀਤਾ ਅਤੇ ਇੱਕ ਫ਼ੈਸਲਾ ਲਿਆ ਸੀ। ਉਨ੍ਹਾਂ ਨੇ ਇੱਕ ਨੂੰ ਗਲੇ ਲਗਾਉਣ ਲਈ ਬਹੁਤਿਆਂ ਨੂੰ ਤਿਆਗ ਦਿੱਤਾ ਸੀ। ਇਹ ਉਨ੍ਹਾਂ ਦੀ ਆਪਣੀ ਮਰਜ਼ੀ ਸੀ ਨਾ ਕਿ ਦੇਵਤਿਆਂ ਵੱਲੋਂ ਇੱਕ ਠਹਿਰਾਇਆ ਹੋਇਆ ਹੁਕਮ।

ਇਹ ਸਾਡੇ ਸਾਰਿਆਂ ਦੇ ਸਿੱਖਣ ਲਈ ਇੱਕ ਮਹੱਤਵਪੂਰਣ ਸਬਕ ਹੈ। ਪਰਮੇਸ਼ੁਰ ਬਾਕੀ ਸਾਰੀਆਂ ਹਸਤੀਆਂ ਨਾਲੋਂ ਸਰੇਸ਼ਠ ਹੈ। ਪਰਮੇਸ਼ੁਰ ਬਾਕੀ ਸਾਰੇ ਗਿਆਨ ਨਾਲੋਂ ਸਰੇਸ਼ਠ ਹੈ। ਪਰਮੇਸ਼ੁਰ ਦਾ ਰਾਹ ਬਾਕੀ ਹਰੇਕ ਜੀਵਨਸ਼ੈਲੀ ਨਾਲੋਂ ਸਰੇਸ਼ਠ ਹੈ। ਫਿਰ ਵੀ, ਉਹ ਸਾਨੂੰ ਆਪਣੇ ਪਿੱਛੇ ਚੱਲਣ ਲਈ ਮਜ਼ਬੂਰ ਨਹੀਂ ਕਰਦਾ। ਮਸੀਹੀ ਬਣਨਾ ਅਤੇ ਪਰਮੇਸ਼ੁਰ ਦੇ ਰਾਹ ਵਿੱਚ ਅਟੱਲ ਰਹਿਣਾ ਇੱਕ ਚੋਣ ਨਾਲ ਹੁੰਦਾ ਹੈ। ਇਸ ਵਿੱਚ ਕੋਈ ਜ਼ਬਰਦਸਤੀ ਸ਼ਾਮਲ ਨਹੀਂ ਹੁੰਦੀ-ਸਿਰਫ ਬਰਕਤ ਦਾ ਲਾਭ ਹੁੰਦਾ ਹੈ ਜੇਕਰ ਅਸੀਂ ਪਰਮੇਸ਼ੁਰ ਨੂੰ ਸਾਨੂੰ ਅਪਨਾਉਣ ਦੇਣਾ ਚੁਣਦੇ ਹਾਂ। ਪਰਮੇਸ਼ੁਰ ਦੇ ਵਚਨ ਦੀ ਪਾਲਣਾ ਕਰਨ ਅਤੇ ਉਸ ਦੇ ਤਰੀਕੇ ਨਾਲ ਜੀਉਣ ਦੇ ਤਰੀਕੇ ਰਾਹੀਂ ਉਸ ਦੇ ਲਈ ਚੋਣ ਕਰੋ!

ਜੇਕਰ ਅਸੀਂ ਪਰਮੇਸ਼ੁਰ ਅਤੇ ਉਸ ਦੇ ਪਿੱਛੇ ਚੱਲਣ ਵਾਲਿਆਂ ਦੀ ਰੀਸ ਕਰਨਾ ਚੁਣਦੇ ਹਾਂ, ਤਾਂ ਸਾਨੂੰ ਉਸ ਨੂੰ ਆਪਣਾ ਆਗੂ ਬਣਾਉਣ ਦੇ ਲਈ ਸਾਡੇ ਕੋਲ ਕੁਝ ਪ੍ਰੇਰਣਾਵਾਂ, ਕੁਝ ਕਾਰਣ ਹੋਣੇ ਚਾਹੀਦੇ ਹਨ। ਯਿਸੂ ਦਾ ਜੀ ਉੱਠਣਾ ਅਤੇ ਦੁਬਾਰਾ ਵਾਪਸ ਆਉਣ ਦਾ ਉਸ ਦਾ ਵਾਅਦਾ ਉਸ ਖੁਸ਼ਖ਼ਬਰੀ ਦੇ ਨਾਟਕੀ ਹਿੱਸੇ ਹਨ ਜਿਨ੍ਹਾਂ ਦੇ ਪ੍ਰਤੀ ਇਨ੍ਹਾਂ ਪਹਿਲਾਂ

ਮੂਰਤੀਪੂਜਕ ਰਹਿ ਚੁੱਕੇ ਲੋਕਾਂ ਨੇ ਜਵਾਬ ਦਿੱਤਾ ਸੀ। ਇੱਕੋ ਸੱਚੇ ਪਰਮੇਸ਼ੁਰ ਦੇ ਪੁੱਤਰ ਨੂੰ ਮਿਲਣ ਦੇ ਲਈ ਤਿਆਰੀ ਕਰਨ ਨੇ ਇਨ੍ਹਾਂ ਮਸੀਹੀ ਲੋਕਾਂ ਨੂੰ ਵੱਡੀ ਉਮੀਦ ਨਾਲ ਭਰ ਦਿੱਤਾ। ਯਿਸੂ ਹੀ ਸੀ ਜਿਸ ਨੇ ਉਨ੍ਹਾਂ ਲੋਕਾਂ ਨੂੰ ਉਸ ਨੁਕਸਾਨ ਤੋਂ ਬਚਾਉਣ ਲਈ ਆਪਣੀ ਜਾਨ ਦੇ ਦਿੱਤੀ ਜਿਹੜੇ ਬਿਨਾਂ ਕਿਸੇ ਤਿਆਰੀ ਦੇ ਪਰਮੇਸ਼ੁਰ ਨੂੰ ਆਹਮੋ-ਸਾਹਮਣੇ ਮਿਲਣ ਦੇ ਲਈ ਆ ਰਹੇ ਹਨ। ਯਿਸੂ ਨੂੰ ਮਿਲਣਾ ਅਨੰਦ ਕਰਨ ਅਤੇ ਧੰਨਵਾਦ ਦੇਣ ਦਾ ਅਨੁਭਵ ਹੋਵੇਗਾ; ਇਹ ਉਸ ਨੂੰ ਮਿਲਣ ਦਾ ਮੌਕਾ ਹੋਵੇਗਾ ਜਿਸ ਨੇ ਉਨ੍ਹਾਂ-ਅਤੇ ਸਾਡੇ-ਬਾਰੇ ਇੰਨਾ ਜ਼ਿਆਦਾ ਸੋਚਿਆ ਕਿ ਉਹ ਸਲੀਬ ਤੇ ਮਰਨ ਦੇ ਲਈ ਤਿਆਰ ਸੀ। ਥੱਸਲੁਨੀਕੇ ਦੇ ਲੋਕ ਪਰਮੇਸ਼ੁਰ ਵਰਗੇ ਬਣਨਾ ਚਾਹੁੰਦੇ ਸਨ, ਪਰਮੇਸ਼ੁਰ ਦੇ ਵੱਲ ਹੋਣਾ ਚਾਹੁੰਦੇ ਸਨ; ਪਰ ਉਨ੍ਹਾਂ ਦੇ ਪਰਮੇਸ਼ੁਰ *ਨਾਲ* ਹੋਣ, ਪਰਮੇਸ਼ੁਰ ਵੱਲ ਹੋਣ ਦੀ ਸੰਭਾਵਨਾ ਵੀ ਸੀ!

*ਸਿੱਟਾ।* ਸਾਡੇ ਲਈ ਪਰਮੇਸ਼ੁਰ ਦਾ ਉਦੇਸ਼ ਇਹ ਹੈ ਕਿ ਅਸੀਂ ਮਸੀਹੀ ਜੀਵਨ ਜੀਉਣ ਵਿੱਚ ਨਮੂਨੇ ਬਣੀਏ। ਪਰਮੇਸ਼ੁਰ ਨੇ ਇਹ ਕੰਮ ਯਿਸੂ ਦੇ ਜੀਵਨ ਨਾਲ ਸ਼ੁਰੂ ਕੀਤਾ ਸੀ। ਪਰਮੇਸ਼ੁਰ ਨੇ ਇਸ ਕੰਮ ਨੂੰ ਰਸੂਲਾਂ ਦੇ ਜੀਵਨਾਂ ਵਿੱਚ ਵੀ ਜਾਰੀ ਰੱਖਿਆ ਜਿਨ੍ਹਾਂ ਨੇ ਖੁਸ਼ਖ਼ਬਰੀ ਨੂੰ ਫੈਲਾਇਆ। ਉਨ੍ਹਾਂ ਹਰੇਕ ਨੇ ਮਸੀਹੀ ਸਿੱਖਿਆ ਦੇਣ ਵਾਲਿਆਂ ਅਤੇ ਹੋਰ ਚੇਲਿਆਂ ਦੇ ਲਈ ਇੱਕ ਨਮੂਨਾ ਪੇਸ਼ ਕੀਤਾ। ਥੱਸਲੁਨੀਕੇ ਦੀ ਕਲੀਸੀਆ ਉਨਾਂ ਦੇ ਨਮੂਨੇ ਉੱਤੇ ਚੱਲੀ ਅਤੇ ਇਸ ਨੂੰ ਅੱਗੇ ਸੌਂਪ ਦਿੱਤਾ। ਕੀ ਅਸੀਂ ਇਸ ਨਮੂਨੇ ਤੇ ਚੱਲਣ ਦੇ ਲਈ ਤਿਆਰ ਹਾਂ? TP

## ਚੰਗੇ ਨਮੂਨੇ ਦੀ ਸ਼ਕਤੀ (1:8-10)

ਥੱਸਲੁਨੀਕੇ ਦੇ ਲੋਕ ਪਰਮੇਸ਼ੁਰ ਦੇ ਵਚਨ ਦੀ ਆਗਿਆਕਾਰੀ ਦੇ ਚੰਗੇ ਨਮੂਨੇ ਬਣੇ। "ਨਮੂਨੇ" ਲਈ ਪੌਲੁਸ ਨੇ ਜਿਹੜਾ ਯੂਨਾਨੀ ਸ਼ਬਦ ਵਰਤਿਆ ਹੈ ਉਹ ਹੈ *ਟੂਪੋਸ,* ਜਿਸ ਦਾ ਅਰਥ ਹੈ "ਕਿਸਮ," "ਆਦਰਸ਼" ਜਾਂ "ਮਾਡਲ।"[12] ਸਿਰਫ ਇਹੋ ਮੰਡਲੀ ਹੈ ਜਿਸ ਦਾ ਪੌਲੁਸ ਨੇ ਇੱਕ ਨਮੂਨੇ ਵਜੋਂ ਵਰਣਨ ਕੀਤਾ ਸੀ।

ਉਨ੍ਹਾਂ ਦਾ *ਚੰਗਾ ਨਮੂਨਾ ਪ੍ਰਭਾਵਸ਼ਾਲੀ ਸੀ।* ਪੌਲੁਸ ਨੇ ਕਿਹਾ, "ਤੁਹਾਡੇ ਕੋਲੋਂ ਪ੍ਰਭੂ ਦੇ ਬਚਨ ਦੀ ਧੁੰਮ ਪਈ ਹੈ" (ਆਇਤ 8)। ਅਸਲੀ ਭਾਸ਼ਾ ਵਿੱਚ ਇਸ ਦਾ ਅਰਥ ਹੁੰਦਾ ਹੈ ਅਵਾਜ਼ ਦਾ ਗੂੰਜਣਾ ਜਾਂ ਪ੍ਰਤੀਕਿਰਿਆ ਪੈਦਾ ਕਰਨਾ। ਥੱਸਲੁਨੀਕੇ ਦੇ ਲੋਕ ਬਚਨ ਨੂੰ ਫੈਲਾਉਣ ਦਾ ਮਾਧਿਅਮ ਬਣ ਗਏ ਸਨ ਅਤੇ ਉਨ੍ਹਾਂ ਦੀ ਵਫ਼ਾਦਾਰੀ ਦੀ ਖ਼ਬਰ ਮਕਦੂਨਿਯਾ (ਯੂਨਾਨ ਦੇ ਉੱਤਰੀ ਹਿੱਸੇ) ਤੋਂ ਲੈ ਕੇ ਅਖਾਯਾ (ਯੂਨਾਨ ਦੇ ਦੱਖਣੀ ਹਿੱਸੇ) ਤੱਕ ਸੁਣਾਈ ਦਿੰਦੀ ਸੀ। ਉਨ੍ਹਾਂ ਦਾ ਚੰਗਾ ਨਮੂਨਾ ਪੂਰੇ ਪਰਾਇਦੀਪ ਵਿੱਚ ਪ੍ਰਸਿੱਧ ਸੀ।

ਆਇਤ 9 ਵਿੱਚ, ਪੌਲੁਸ ਨੇ ਕਿਹਾ ਕਿ ਇਨ੍ਹਾਂ ਹੋਰਨਾਂ ਇਲਾਕਿਆਂ ਵਿੱਚੋਂ ਲੋਕ ਥੱਸਲੁਨੀਕੀਆਂ ਦੇ ਚੰਗੇ ਕੰਮਾਂ ਬਾਰੇ "ਦੱਸਦੇ ਸਨ" ਕਿ ਕਿਵੇਂ ਉਨ੍ਹਾਂ ਨੇ ਮੂਰਤੀਆਂ ਨੂੰ ਛੱਡ ਕੇ ਇੱਕ ਸੱਚੇ ਅਤੇ ਜੀਉਂਦੇ ਪਰਮੇਸ਼ੁਰ ਦੀ "ਸੇਵਾ ਕੀਤੀ।" ਥੱਸਲੁਨੀਕੇ ਦੇ ਲੋਕ ਇਸ ਗੱਲ ਤੋਂ ਅਣਜਾਣ ਸਨ ਕਿ ਉਨ੍ਹਾਂ ਦੇ ਨਮੂਨੇ ਦੀ ਧੁੰਮ ਦੂਰ-ਦੂਰ ਤੱਕ ਫੈਲੀ ਸੀ ਅਤੇ ਇਸ ਦਾ ਸੈਂਕੜੇ ਅਤੇ ਸ਼ਾਇਦ ਹਜ਼ਾਰਾਂ ਲੋਕਾਂ ਤੇ ਇੱਕ ਚੰਗਾ ਅਸਰ ਹੋਇਆ ਸੀ।

ਸਾਡਾ *ਚੰਗਾ ਨਮੂਨਾ ਪ੍ਰਭਾਵਸ਼ਾਲੀ ਹੈ।* ਅਸੀਂ ਉਨ੍ਹਾਂ ਖਾਸ ਲੋਕਾਂ ਬਾਰੇ ਸੋਚ ਸਕਦੇ ਹਾਂ ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੇ ਪ੍ਰਭੂ ਦੀ ਸੇਵਾ ਕਰਨ ਦੇ ਲਈ ਆਪਣੇ ਜੀਵਨਾਂ ਨੂੰ ਸਮਰਪਿਤ ਕੀਤਾ ਸੀ। ਕੁਝ ਪ੍ਰਚਾਰਕ ਹਨ। ਕੁਝ ਮਿਸ਼ਨਰੀ ਹਨ। ਕੁਝ ਸਿੱਖਿਆ ਦੇਣ ਵਾਲੇ

ਹਨ ਜਿਨ੍ਹਾਂ ਨੇ ਪਿਛਲੇ ਕਈ ਸਾਲਾਂ ਤੋਂ ਇੱਕ ਵੱਡਾ ਪ੍ਰਭਾਵ ਪਾਇਆ ਹੈ। ਸਾਨੂੰ ਅਜਿਹੇ ਲੋਕਾਂ ਨੂੰ ਸਕਾਰਾਤਮਕ ਨਮੂਨੇ ਬਣਨ ਲਈ ਪਛਾਨਣਾ ਚਾਹੀਦਾ ਹੈ। ਪੌਲੁਸ ਥੱਸਲੁਨੀਕੇ ਦੀ ਮੰਡਲੀ ਨੂੰ ਪਿਆਰ ਕਰਦਾ ਅਤੇ ਇਸ ਦਾ ਆਦਰ ਕਰਦਾ ਸੀ ਅਤੇ ਉਸ ਨੇ ਉੱਚਿਤ ਢੰਗ ਨਾਲ ਉਨ੍ਹਾਂ ਦੀ ਸ਼ਲਾਘਾ ਕੀਤੀ। ਸਾਨੂੰ ਵੀ ਮਸੀਹ ਵਿੱਚ ਆਪਣੇ ਭਰਾਵਾਂ ਅਤੇ ਭੈਣਾਂ ਨੂੰ ਪਿਆਰ ਕਰਨਾ, ਉਨ੍ਹਾਂ ਦਾ ਆਦਰ ਕਰਨਾ ਅਤੇ ਉਨ੍ਹਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਜਦੋਂ ਉਹ ਸਾਡੇ ਸਾਹਮਣੇ ਚੰਗੇ ਨਮੂਨੇ ਰੱਖਦੇ ਹਨ ਕਿ ਕਿਵੇਂ ਅਸੀਂ ਵਚਨ ਦੀ ਆਗਿਆ ਦੀ ਪਾਲਣਾ ਕਰਨੀ ਅਤੇ ਕਿਵੇਂ ਪ੍ਰਭੂ ਦੀ ਸੇਵਾ ਕਰਨੀ ਹੈ। EE

**ਸੰਖੇਪ ਵਿੱਚ ਮਨਬਦਲੀ (1:9, 10)**

ਪੌਲੁਸ ਥੱਸਲੁਨੀਕੀਆਂ ਦੀ ਮਨਬਦਲੀ ਦੀ ਚਰਚਾ ਵੱਲ ਵਾਪਸ ਪਰਤਿਆ। ਸ਼ਾਇਦ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਜਿਨ੍ਹਾਂ ਨਾਲ ਮਿਲ ਕੇ ਇਹ ਕਲੀਸੀਆ ਬਣੀ ਸੀ ਪਰਾਈਆਂ ਕੌਮਾਂ ਦੇ ਸਨ।

ਉਨ੍ਹਾਂ ਦੇ ਪਰਮੇਸ਼ੁਰ ਵੱਲ ਆਉਣ ਦਾ ਵਰਣਨ ਦੋ ਛੋਟੀਆਂ-ਛੋਟੀਆਂ ਆਇਤਾਂ ਵਿੱਚ ਦਿੱਤਾ ਗਿਆ ਹੈ। ਇਹ ਅਨੋਖੀ ਗੱਲ ਹੈ ਕਿ ਕਿਵੇਂ ਥੋੜ੍ਹੇ ਜਿਹੀ ਥਾਂ ਵਿੱਚ ਇਹੋ ਜਿਹਾ ਵੱਡਾ ਬਦਲਾਅ ਵਿਅਕਤ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੀ ਮਨਬਦਲੀ ਦੇ ਕਿਹੜੇ ਕਦਮ ਹਨ?

*ਪਾਪ ਦੀ ਵੱਲੋਂ।* ਸਾਨੂੰ ਖੁਸ਼ਖ਼ਬਰੀ ਪ੍ਰਾਪਤ ਕਰਨ ਦੇ ਲਈ ਬੁਰੀ ਖ਼ਬਰ ਵਿੱਚੋਂ ਗੁਜਰਨਾ ਪੈਂਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਪਰਮੇਸ਼ੁਰ ਵੱਲ ਜਾਈਏ, ਅਸੀਂ ਜੋ ਹਾਂ ਅਤੇ ਜਿੱਥੇ ਅਸੀਂ ਰਹਿ ਰਹੇ ਹਾਂ ਉਸ ਥਾਂ ਨੂੰ ਛੱਡਣ ਦੀ ਲੋੜ ਹੈ। ਤੌਬਾ ਮੁਕਤੀ ਵੱਲ ਨੂੰ ਜਾਣ ਵਾਲਾ ਸਭ ਤੋਂ ਔਖਾ ਕਦਮ ਹੈ। ਥੱਸਲੁਨੀਕੇ ਦੇ ਲੋਕ ਆਪਣੀ ਮਨਬਦਲੀ ਤੋਂ ਪਹਿਲਾਂ ਮੂਰਤੀਆਂ ਦੀ ਪੂਜਾ ਕਰਦੇ ਸਨ। ਉਹ ਸੁੱਚੀ ਮੂਰਤੀਪੂਜਾ ਨੂੰ ਛੱਡ ਕੇ ਪਰਮੇਸ਼ੁਰ ਵੱਲ ਮੁੜੇ ਸਨ।

ਜੈਫਰੀ ਡੈਹਮਰ ਤੇ ਲਗਭਗ ਤੀਹ ਆਦਮੀਆਂ ਅਤੇ ਮੁੰਡਿਆਂ ਦੇ ਕਤਲ ਦਾ ਦੋਸ਼ ਲੱਗਾ ਅਤੇ ਫਿਰ ਉਸ ਤੇ ਮੁਕੱਦਮਾ ਚੱਲਿਆਂ ਅਤੇ ਉਹ ਦੋਸ਼ੀ ਸਾਬਤ ਹੋਇਆ। ਸਜ਼ਾ ਹੋਣ ਤੋਂ ਬਾਅਦ, ਉਸ ਨੇ ਸੁਧਾਰ ਘਰ ਵਿੱਚ ਆਪਣਾ ਸਮਾਂ ਸ਼ੁਰੂ ਕੀਤਾ। ਮੈਰੀ ਮੋਟ ਨੇ ਸੋਚਿਆ ਕਿ ਜੇਕਰ ਕਿਸੇ ਇੱਕ ਵਿਅਕਤੀ ਨੂੰ ਖੁਸ਼ਖ਼ਬਰੀ ਦੀ ਲੋੜ ਸੀ ਤਾਂ ਨਿਸ਼ਚਤ ਤੌਰ ਤੇ ਉਹ ਡੈਹਮਰ ਸੀ। ਉਸ ਨੇ ਇਹ ਵੇਖਣ ਲਈ ਉਸ ਨੂੰ ਇਹ ਪੱਤਰ ਲਿਖਿਆ ਕਿ ਕੀ ਉਹ ਇੱਕ ਬਾਈਬਲ ਪੱਤਰ-ਵਿਹਾਰ ਕੋਰਸ ਕਰੇਗਾ ਜਾਂ ਨਹੀਂ। ਡੈਹਮਰ ਨੇ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨ ਦੇ ਸੱਦੇ ਨੂੰ ਕਬੂਲ ਕਰ ਲਿਆ ਅਤੇ ਉਸ ਨੇ ਉਹ ਨੂੰ ਇੱਕ ਕੋਰਸ ਭੇਜਿਆ। ਪਰਮੇਸ਼ੁਰ ਦੀ ਇੱਛਾ ਦੀ ਸਮਝ ਉਸ ਵਿੱਚ ਵਧਣ ਲੱਗ ਪਈ ਅਤੇ ਉਸ ਨੇ ਬਪਤਿਸਮਾ ਲੈਣ ਲਈ ਆਖਿਆ। ਜਦੋਂ ਉਹ ਪਾਪ ਭਰੇ ਆਪਣੇ ਪੁਰਾਣੇ ਰਾਹਾਂ ਤੋਂ ਪਰਮੇਸ਼ੁਰ ਦੀ ਸੇਵਾ ਕਰਨ ਵਾਲੇ ਜੀਵਨ ਵੱਲ ਮੁੜਿਆ, ਉਸ ਨੂੰ ਜੇਲ ਦੇ ਇੱਕ ਤਲਾਬ ਵਿੱਚ ਮਸੀਹ ਦਾ ਬਪਤਿਸਮਾ ਦਿੱਤਾ ਗਿਆ। ਖੁਸ਼ਖ਼ਬਰੀ ਸਭਨਾਂ ਦੇ ਲਈ ਹੈ-ਭੈੜੇ ਤੋਂ ਭੈੜੇ ਵਿਅਕਤੀ ਲਈ, ਸਰੇਸ਼ਠ ਤੋਂ ਸਰੇਸ਼ਠ ਵਿਅਕਤੀ ਲਈ ਅਤੇ ਉਸ ਵਿਅਕਤੀ ਲਈ ਵੀ ਜਿਹੜਾ ਨਾ ਤਾਂ ਭੈੜਾ ਅਤੇ ਨਾ ਹੀ ਸਰੇਸ਼ਠ!

*ਪਰਮੇਸ਼ੁਰ ਦੀ ਵੱਲ।* "ਪਰਮੇਸ਼ੁਰ ਦੇ ਵੱਲ ਮੁੜਨ" ਸ਼ਬਦਾਵਲੀ ਵਿੱਚ ਪਰਮੇਸ਼ੁਰ ਨੂੰ ਇੱਕੋ ਸੱਚੇ ਪਰਮੇਸ਼ੁਰ ਦੇ ਤੌਰ ਤੇ ਕਬੂਲ ਕਰਨ ਤੋਂ ਬਾਅਦ, ਪਰਮੇਸ਼ੁਰ ਦੇ ਵਚਨ ਨੂੰ ਕਬੂਲ

ਕਰਨਾ ਸ਼ਾਮਲ ਹੁੰਦਾ ਹੈ। ਪੌਲੁਸ ਨੇ ਕਿਹਾ ਕਿ ਓਪਰੇ ਦੇਵਤਿਆਂ ਦੀ ਤੁਲਨਾ ਵਿੱਚ ਜਿਹੜੇ ਝੂਠੇ ਅਤੇ ਜਿਨ੍ਹਾਂ ਦਾ ਕੋਈ ਵਜੂਦ ਨਹੀਂ ਹੈ, ਪਰਮੇਸ਼ੁਰ ਜੀਉਂਦਾ ਅਤੇ ਸੱਚਾ ਹੈ। ਪਰਮੇਸ਼ੁਰ ਸੱਚਾ ਹੈ ਕਿਉਂਕਿ ਉਹ ਜੀਉਂਦਾ ਹੈ, ਜਿਵੇਂ ਮੂਰਤੀਆਂ ਝੂਠੀਆਂ ਹਨ ਕਿਉਂਕਿ ਉਹ ਮੁਰਦਾ (ਬਿਨਾਂ ਕਿਸੇ ਅਸਲੀਅਤ ਹਨ)।

*ਉਡੀਕ ਕਰਨ ਲਈ।* ਮਸੀਹੀ ਜੀਵਨ ਵਿੱਚ ਸਭ ਤੋਂ ਵੱਡੀ ਆਸ ਮਸੀਹ ਦੀ ਦੂਜੀ ਆਮਦ ਦੀ ਉਡੀਕ ਕਰਨਾ ਹੈ। ਥੱਸਲੁਨੀਕੇ ਦੇ ਲੋਕ ਦੂਜੀ ਆਮਦ ਦੀ ਉਤਸ਼ਾਹ ਭਰੀ ਉਡੀਕ ਨਾਲ ਜੀ ਰਹੇ ਸਨ।

"ਉਡੀਕ" ਲਈ ਜਿਹੜਾ ਯੂਨਾਨੀ ਸ਼ਬਦ ਵਰਤਿਆ ਗਿਆ ਹੈ ਉਹ ਆਮ ਸ਼ਬਦ ਦਾ ਇੱਕ ਸੰਯੁਕਤ ਸ਼ਬਦ ਹੈ ਜਿਹੜਾ ਕਿ ਸੰਬੰਧਸੂਚਕ ਸ਼ਬਦ ਤੋਂ ਪਹਿਲਾਂ ਆਉਂਦਾ ਹੈ ਜੋ ਕਿ ਵਿਚਾਰ ਨੂੰ ਤੀਬਰ ਬਣਾ ਦਿੰਦਾ ਹੈ, ਪਰ ਜਿਸ ਦਾ ਮਤਲਬ "ਉੱਪਰ" ਵੀ ਹੈ ਜਦੋਂ ਅਸੀਂ ਇਕੱਲੇ ਖੜ੍ਹੇ ਹੁੰਦੇ ਹਾਂ। ਅਸੀਂ ਇਸ ਅਰਥ ਬਾਰੇ ਇਸ ਤਰ੍ਹਾਂ ਸੋਚ ਸਕਦੇ ਹਾਂ ਉਹ: ਆਪਣੇ ਪ੍ਰਭੂ ਦੇ ਲਈ "ਉੱਪਰੋਂ ਆਉਣ ਦੀ ਉਡੀਕ ਕਰ ਰਹੇ" ਸਨ। ਉਨ੍ਹਾਂ ਅੰਦਰ ਉਮੀਦ, ਜਿੱਤ, ਆਸ ਅਤੇ ਸਥਾਈ ਧੀਰਜ ਦੀ ਭਾਵਨਾ ਸੀ। ਉਨ੍ਹਾਂ ਨੇ ਇੱਕ ਵਿਅਕਤੀ ਦੀ ਉਡੀਕ ਕੀਤੀ ਸੀ ਨਾ ਕਿ ਕਿਸੇ ਘਟਨਾ ਦੀ।

ਆਓ ਇਹ ਚੇਤੇ ਕਰੀਏ ਕਿ ਪਰਾਈਆਂ ਕੌਮਾਂ ਨੇ ਇੱਕ ਬਹੁਤ ਵੱਡੇ ਬਦਲਾਵ ਦਾ ਅਨੁਭਵ ਕੀਤਾ ਸੀ ਜਦੋਂ ਉਹ ਮਸੀਹੀ ਬਣੇ ਸਨ। ਉਨ੍ਹਾਂ ਦਾ ਪੂਰਾ ਰੂਪ ਹੀ ਬਦਲ ਗਿਆ ਸੀ, ਉਹ ਆਪਣੇ ਜੀਵਨ ਵਿੱਚ ਬੇਜਾਨ ਦੇਵੀ-ਦੇਵਤਿਆਂ ਦੀ ਸੇਵਾ ਤੋਂ ਸੱਚੇ ਪਰਮੇਸ਼ੁਰ ਦੀ ਵਫ਼ਾਦਾਰੀ ਨਾਲ ਸੇਵਾ ਕਰਨ ਵੱਲ ਮੁੜੇ ਸਨ। ਉਨ੍ਹਾਂ ਦੇ ਸਮੇਂ ਵਿੱਚ ਮੂਰਤੀਪੂਜਾ ਬਹੁਤ ਹੀ ਪ੍ਰਚਲਿਤ ਸੀ। ਹਰ ਕੋਈ ਮੂਰਤੀਪੂਜਾ ਕਰਦਾ ਸੀ। ਸੱਚੇ ਪਰਮੇਸ਼ੁਰ ਦੀ ਅਰਾਧਨਾ ਕਰਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ। ਫਿਰ ਵੀ ਥੱਸਲੁਨੀਕੀਆਂ ਨੇ ਸੱਚਾਈ ਨੂੰ ਜਾਣਿਆ, ਇਸ ਨੂੰ ਕਬੂਲ ਕੀਤਾ ਅਤੇ ਇਸ ਵਿੱਚ ਅਨੰਦ ਹੋਏ ਭਾਵੇਂ ਉਨ੍ਹਾਂ ਨੂੰ ਇਸ ਦੀ ਕੋਈ ਕੀਮਤ ਹੀ ਕਿਉਂ ਨਹੀਂ ਚੁਕਾਉਣੀ ਪਈ। EC

## ਮੂਰਤੀਆਂ ਤੋਂ ਜੀਉਂਦੇ ਪਰਮੇਸ਼ੁਰ ਵੱਲ (1:9, 10)

ਰਸੂਲਾਂ ਦੇ ਕਰਤੱਬ 17:1-9 ਥੱਸਲੁਨੀਕੇ ਦੇ ਸਮਾਜ ਵਿੱਚ ਤਿੰਨਾਂ ਸਬਤਾਂ ਦੇ ਦਿਨਾਂ ਲਈ ਪੌਲੁਸ ਦੇ ਤਰਕ ਅਤੇ ਇਹ ਸਮਝਾਉਣ ਅਤੇ ਸਬੂਤ ਦੇਣ ਦਾ ਵਿਰਤਾਂਤ ਦਿੰਦੀ ਹੈ ਕਿ ਯਿਸੂ ਮਸੀਹਾ ਸੀ। ਕੁਝ ਯੂਨਾਨੀ ਭਗਤਾਂ ਅਤੇ ਪ੍ਰਮੁੱਖ ਔਰਤਾਂ ਨੇ ਉਸ ਸੰਦੇਸ਼ ਨੂੰ ਬੜੀ ਹੀ ਗਰਮਜੋਸ਼ੀ ਨਾਲ ਕਬੂਲ ਕੀਤਾ ਸੀ, ਪਰ ਯਹੂਦੀ ਆਗੂਆਂ ਨੇ ਈਰਖਾ ਨਾਲ ਭਰ ਕੇ ਪੌਲੁਸ ਦੇ ਵਿਰੁੱਧ ਭੀੜ ਨੂੰ ਭੜਕਾ ਦਿੱਤਾ। ਉਨ੍ਹਾਂ ਨੇ ਯਾਸੋਨ ਦੇ ਘਰ ਤੇ ਹਮਲਾ ਕੀਤਾ ਅਤੇ ਇੱਕ ਬਹੁਤ ਹੀ ਪ੍ਰਸਿੱਧ ਬਿਆਨ ਦਿੱਤਾ: "ਏਹ ਲੋਕ ਜਿਨ੍ਹਾਂ ਜਗਤ ਨੂੰ ਉਲਟਾ ਦਿੱਤਾ ਹੈ ਏੱਥੇ ਵੀ ਆਏ ਹਨ" (ਰਸੂਲਾਂ ਦੇ ਕਰਤੱਬ 17:6)। ਇਸ ਦੇ ਨਤੀਜੇ ਵਜੋਂ, ਪੌਲੁਸ ਨੂੰ ਥੱਸਲੁਨੀਕੇ ਵਿੱਚੋਂ ਬਾਹਰ ਕੱਢ ਦਿੱਤਾ ਗਿਆ, ਪਰ ਉਸ ਦੇ ਬਾਹਰ ਕੱਢੇ ਜਾਣ ਤੋਂ ਪਹਿਲਾਂ ਉਹ ਉੱਥੇ ਕਲੀਸੀਆ ਸਥਾਪਤ ਕਰਨ ਵਿੱਚ ਸਫ਼ਲ ਹੋਇਆ ਸੀ।

ਬਾਅਦ ਵਿੱਚ, ਥੱਸਲੁਨੀਕੇ ਦੀ ਕਲੀਸੀਆ ਵੱਲੋਂ ਚੰਗੀ ਰਿਪੋਰਟ ਮਿਲਣ ਤੋਂ ਬਾਅਦ, ਉਸ ਨੇ ਉਨ੍ਹਾਂ ਨੂੰ ਇਹ ਪੱਤ੍ਰੀ ਲਿਖੀ। ਤਿਮੋਥਿਉਸ, ਜਿਉਂ ਹੀ ਮਕਦੂਨਿਯਾ ਤੋਂ ਆਇਆ, ਸਪੱਸ਼ਟ ਤੌਰ ਤੇ ਕੁਰਿੰਥੁਸ ਵਿੱਚ ਪੌਲੁਸ ਨਾਲ ਮਿਲ ਗਿਆ ਸੀ ਅਤੇ ਥੱਸਲੁਨੀਕੇ ਵਿੱਚ ਜੋ

ਹਾਲਾਤ ਸਨ ਉਨ੍ਹਾਂ ਬਾਰੇ ਪੌਲੁਸ ਦੇ ਲਈ ਚੰਗੀ ਖ਼ਬਰ ਲੈ ਕੇ ਆਇਆ ਸੀ। ਪੌਲੁਸ ਨੇ ਆਪਣੀ ਇਹ ਪੱਤ੍ਰੀ ਥੱਸਲੁਨੀਕੀਆਂ ਦੇ ਬਦਲਾਵ ਅਤੇ ਮਸੀਹ ਵਿੱਚ ਉਨ੍ਹਾਂ ਦੀ ਉੱਨਤੀ ਤੇ ਅਨੰਦ ਕਰਨ ਦੇ ਦੁਆਰਾ ਲਿਖਣੀ ਸ਼ੁਰੂ ਕੀਤੀ ਸੀ।

*"ਮੂਰਤੀਆਂ ਨੂੰ ਛੱਡ ਕੇ ਪਰਮੇਸ਼ੁਰ ਦੀ ਵੱਲ ਮੁੜੇ"* (1:9)। 9 ਆਇਤ ਦੇ ਪਹਿਲੇ ਹਿੱਸੇ ਵਿੱਚ ਪੌਲੁਸ ਨੇ ਕਿਹਾ, ". . . ਤੁਸੀਂ ਕਿਵੇਂ ਮੂਰਤੀਆਂ ਨੂੰ ਛੱਡ ਕੇ ਪਰਮੇਸ਼ੁਰ ਦੀ ਵੱਲ ਮੁੜੇ।" ਪੁਰਾਣੇ ਜ਼ਮਾਨੇ ਵਿੱਚ ਥੱਸਲੁਨੀਕੇ ਮੂਰਤੀਪੂਜਕਾਂ ਦੀ ਥਾਂ ਸੀ। ਇਹ ਥਾਂ ਅੱਜ ਵੀ ਮੌਜੂਦ ਹੈ ਅਤੇ ਅੱਜ ਦੇ ਸਮੇਂ ਵਿੱਚ ਯੂਨਾਨੀਆਂ ਦੁਆਰਾ ਇਸ ਨੂੰ ਸਲੋਨਿਕਾ ਕਿਹਾ ਜਾਂਦਾ ਹੈ। ਇਹ ਅਜੇ ਵੀ ਹਰਿਆ ਭਰਿਆ ਸ਼ਹਿਰ ਹੈ, ਕੁਝ ਹੱਦ ਤੱਕ ਇਸ ਲਈ ਕਿਉਂਕਿ ਇਹ ਸਮੁੰਦਰ ਦੇ ਬਿਲਕੁਲ ਨੇੜੇ ਹੈ। ਪਹਿਲੀ ਸਦੀ ਵਿੱਚ, ਰੋਮ ਦੀਆਂ ਮਹਾਨ ਪੂਰਬੀ-ਪੱਛਮੀ ਸੜਕਾਂ ਵਿਚੋਂ ਇੱਕ ਸੜਕ ਥੱਸਲੁਨੀਕੇ ਦੇ ਵਿਚੋਂ ਦੀ ਲੰਘਦੀ ਸੀ।

ਜਿਸ ਦਿਨ ਮੌਸਮ ਬਿਲਕੁਲ ਸਾਫ਼ ਹੁੰਦਾ ਸੀ ਉਸ ਦਿਨ ਕੋਈ ਵੀ ਵਿਅਕਤੀ ਥੱਸਲੁਨੀਕੇ ਤੋਂ ਓਲੰਪਿਸ ਪਹਾੜ ਨੂੰ ਵੇਖ ਸਕਦਾ ਸੀ ਜੋ ਕਿ ਯੂਨਾਨੀ ਦੇਵਤਿਆਂ ਦਾ ਘਰ ਮੰਨਿਆ ਜਾਂਦਾ ਸੀ। ਅਸੀਂ ਇਹ ਉਮੀਦ ਕਰਾਂਗੇ ਕਿ ਜਿਹੜੇ ਲੋਕ ਯੂਨਾਨੀ ਦੇਵਤਿਆਂ ਦੀ ਪੂਜਾ ਕਰਦੇ ਸਨ ਓਲੰਪਿਸ ਪਹਾੜ ਤੋਂ ਜ਼ਿਆਦਾ ਦੂਰ ਨਹੀਂ ਰਹਿੰਦੇ ਹੋਣਗੇ। ਆਇਤ 9 ਸਪੱਸ਼ਟ ਤੌਰ ਤੇ ਇਹ ਇਸ਼ਾਰਾ ਕਰਦੀ ਹੈ ਕਿ ਲੋਕ ਜਿਨ੍ਹਾਂ ਨੇ ਪ੍ਰਚਾਰ ਸੁਣਿਆ ਅਤੇ ਖੁਸ਼ਖ਼ਬਰੀ ਨੂੰ ਕਬੂਲ ਕੀਤਾ ਉਹ ਲੋਕ ਸਨ ਜਿਹੜੇ ਪਹਿਲਾਂ ਯੂਨਾਨੀ ਦੇਵਤਿਆਂ ਦੀ ਪੂਜਾ ਕਰਦੇ ਸਨ।

ਪੌਲੁਸ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਮੂਰਤੀਆਂ ਨੂੰ ਛੱਡ ਕੇ ਪਰਮੇਸ਼ੁਰ ਦੀ ਵੱਲ ਮੁੜੇ।" ਇਹ "ਮੁੜੇ" ਸ਼ਬਦ ਉਸੇ ਮੂਲ ਸ਼ਬਦ ਵਿੱਚੋਂ ਨਿੱਕਲਿਆ ਹੈ ਜਿਸ ਦਾ ਰਸੂਲਾਂ ਦੇ ਕਰੱਤਬ 3:19 (KJV) ਵਿੱਚ "ਬਦਲੋ" ਕਰਕੇ ਅਨੁਵਾਦ ਕੀਤਾ ਗਿਆ ਹੈ। ਇਹ ਲੋਕ ਬਦਲ ਚੁੱਕੇ ਸਨ। ਬਦਲਾਵ ਕੀ ਹੁੰਦਾ ਹੈ? ਇਹ ਇੱਕ ਕਿਸਮ ਦਾ ਮੁੜਨਾ ਹੀ ਹੁੰਦਾ ਹੈ। ਬਦਲਾਵ ਦਾ ਮੁੱਖ ਬਿੰਦੂ ਅਤੇ ਕੇਂਦਰ ਮੁੜਨਾ ਹੀ ਹੈ।

ਇਹ "ਮੁੜੇ" ਸ਼ਬਦ ਉਹ ਸ਼ਬਦ ਨਹੀਂ ਹੈ ਜਿਸ ਦਾ ਅਨੁਵਾਦ "ਤੋਬਾ ਕਰੋ" ਕੀਤਾ ਗਿਆ ਹੈ। "ਤੋਬਾ ਕਰੋ" ਸ਼ਬਦ *ਮੀਟਾਨੋਇਆ* ਸ਼ਬਦ ਤੋਂ ਆਉਂਦਾ ਹੈ ਅਤੇ ਇਸ ਦਾ ਅਰਥ ਹੈ ਮਨ ਨੂੰ ਬਦਲਣਾ। ਸਵਰਗੀ ਚਾਰਲਸ ਰੌਬਰਟਸਨ ਕਹਿੰਦੇ ਹੁੰਦੇ ਸਨ, "ਤੋਬਾ ਦਾ ਅਰਥ ਹੈ 'ਆਪਣੇ ਆਪ ਦੇ ਲਈ ਇੱਕ ਨਵਾਂ ਮਨ ਪਾਉਣਾ।'" ਇਹ ਇੱਕੋ ਜਿਹੇ ਸ਼ਬਦ ਨਹੀਂ ਹਨ, ਪਰ ਇਹ ਅਰਥ ਵਿੱਚ ਬਹੁਤ ਨੇੜਿਓਂ ਇੱਕ ਦੂਜੇ ਵਰਗੇ ਹਨ। ਅਕਸਰ ਉਨ੍ਹਾਂ ਨੂੰ ਇੱਕੋ ਆਇਤ ਵਿੱਚ ਇਕੱਠੇ ਵਰਤਿਆ ਗਿਆ ਹੈ, ਜਿਵੇਂ ਕਿ ਰਸੂਲਾਂ ਦੇ ਕਰੱਤਬ 3:19 ਵਿੱਚ ਹੈ। ਪੌਲੁਸ ਨੇ ਕਿਹਾ, "ਤੁਸੀਂ ਮੁੜ ਚੁੱਕੇ ਹੋ। ਤੁਸੀਂ ਆਪਣਾ ਰਵੱਈਆ ਬਦਲ ਲਿਆ ਹੈ। ਤੁਸੀਂ ਆਪਣੇ ਆਪ ਲਈ ਇੱਕ ਨਵਾਂ ਮਨ ਪਾ ਲਿਆ ਹੈ ਅਤੇ ਤੁਹਾਡਾ ਜੀਵਨ ਬਦਲ ਚੁੱਕਾ ਹੈ।"

*"ਮੁੜੇ ਭਈ ਸਤ ਸ੍ਰੀ ਅਕਾਲ ਪਰਮੇਸ਼ੁਰ ਦੀ ਸੇਵਾ ਕਰੋ"* (1:9)। ਪੌਲੁਸ ਨੇ ਅੱਗੇ ਇਹ ਕਿਹਾ ਕਿ ਉਹ ਮੂਰਤੀਆਂ ਨੂੰ ਛੱਡ ਕੇ ਮੁੜੇ ਹਨ ਭਈ "ਸੱਚੇ ਅਤੇ ਜੀਉਂਦੇ ਪਰਮੇਸ਼ੁਰ ਦੀ ਸੇਵਾ ਕਰਨ।" ਪੌਲੁਸ ਨੇ ਜਿਸ ਪਰਮੇਸ਼ੁਰ ਦਾ ਪ੍ਰਚਾਰ ਕੀਤਾ "ਸੱਚਾ ਅਤੇ ਜੀਉਂਦਾ" ਪਰਮੇਸ਼ੁਰ ਸੀ। ਓਲੰਪਿਸ ਪਹਾੜ ਦੇ ਦੇਵਤੇ ਮੁਰਦਾ ਅਤੇ ਝੂਠੇ ਸਨ। ਜਿਊਸ ਅਤੇ ਹੋਰਨਾਂ ਦੇਵਤਿਆਂ ਦੀ ਕੋਈ ਅਸਲੀਅਤ ਨਹੀਂ ਸੀ।

ਉਹ "ਸੇਵਾ ਕਰਨ ਦੇ ਲਈ" ਮੁੜੇ ਸਨ। ਸਾਡੇ ਵਿੱਚੋਂ ਵੀ ਕੁਝ ਲੋਕ ਮੁੜੇ ਹਨ; ਪਰ

ਸਪੱਸ਼ਟ ਤੌਰ ਤੇ, ਅਸੀਂ ਅਸਲ ਵਿੱਚ ਸੇਵਾ ਕਰਨ ਦੇ ਲਈ ਨਹੀਂ ਸੀ ਮੁੜੇ। ਇਸ ਅਧਿਆਇ ਵਿੱਚ, ਅਸੀਂ ਪਹਿਲੀਆਂ ਕੁਝ ਆਇਤਾਂ ਵਿੱਚ, ਉਨ੍ਹਾਂ ਦੀ ਸੇਵਾ ਬਾਰੇ ਕੁਝ ਗੱਲਾਂ ਵੇਖਦੇ ਹਾਂ। ਪੌਲੁਸ ਨੇ ਉਨ੍ਹਾਂ ਦੀ ਇਨ੍ਹਾਂ ਸ਼ਬਦਾਂ ਨਾਲ ਸ਼ਲਾਘਾ ਕੀਤੀ, "ਕਿਉਂ ਜੋ ਤੁਹਾਡੇ ਕੋਲੋਂ ਪ੍ਰਭੂ ਦੇ ਬਚਨ ਦੀ ਧੁੰਮ ਮੱਚੀ . . ." (ਆਇਤ 8)। ਉਹ ਉਨ੍ਹਾਂ ਦੇ ਨਿਹਚਾ ਦੇ ਕੰਮ ਅਤੇ ਪ੍ਰੇਮ ਦੀ ਮਿਹਨਤ ਬਾਰੇ ਪਹਿਲਾਂ ਹੀ ਗੱਲ ਕਰ ਚੁੱਕਾ ਸੀ। ਇਹ ਇੱਕ ਚੁਸਤ, ਸ਼ਕਤੀਸ਼ਾਲੀ, ਉਤੇਜਿਤ ਕਲੀਸੀਆ ਸੀ ਜੋ ਨਿਹਚਾ ਨਾਲ ਚੱਲਦੀ ਅਤੇ ਸੇਵਾ ਕਰਨਾ ਪਸੰਦ ਕਰਦੀ ਸੀ। ਇੱਕ ਪ੍ਰਚਾਰਕ ਨੇ ਕਿਹਾ ਹੈ, "ਕੁਝ ਲੋਕ 'ਕੁਝ ਨਾ ਕਰਨ ਵਾਲੀ' ਚੌਂਕੀ ਤੇ ਬੈਠਣ ਦੇ ਅਤੇ 'ਕੁਝ ਘੱਟ ਕਰਨ' ਦੀ ਸੋਟੀ ਨਾਲ ਕੰਮ ਕਰਨ ਦੇ ਲਈ ਮੁੜੇ ਹਨ, ਜਦੋਂ ਉਹ ਗਾਉਂਦੇ ਹਨ, 'ਮੈਂ ਮਹਿਮਾ ਲੈਣ ਦੇ ਮਜ਼ਬੂਰ ਹਾਂ।'" ਫਿਰ ਵੀ, ਥੱਸਲੁਨੀਕੀਆਂ ਦੇ ਮਾਮਲੇ ਵਿੱਚ ਇਸ ਤਰ੍ਹਾਂ ਨਹੀਂ ਸੀ।

ਭਰੋਸਾ ਨਿਹਚਾ ਵਾਲੇ ਦਿਲ ਵਿੱਚ ਹੁੰਦਾ ਹੈ। "ਨਿਹਚਾ" ਨੂੰ ਆਗਿਆਕਾਰੀ ਨਾਲ ਜੋੜ ਕੇ ਪ੍ਰਭੂ ਯਿਸੂ ਮਸੀਹ ਵਿੱਚ ਭਰੋਸੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਜੇਕਰ ਸਾਡੇ ਜੀਵਨ ਕੰਮ ਨਾਲ ਭਰੇ ਹੋਏ ਹਨ ਅਤੇ ਸਾਡੇ ਕੋਲ ਭਰੋਸਾ ਨਹੀਂ ਹੈ, ਤਾਂ ਸਾਨੂੰ ਅਸਲ ਵਿੱਚ ਨਿਹਚਾ ਦੇ ਮਹੱਤਵਪੂਰਣ ਤੱਤ ਦੀ ਘਾਟ ਹੈ।

*"ਉਹ ਦੇ ਪੁੱਤ੍ਰ ਦੇ ਸੁਰਗੋਂ ਆਉਣ ਦੀ ਉਡੀਕ ਕਰਨ ਲਈ ਮੁੜੇ"* (1:10)। ਪੌਲੁਸ ਨੇ ਇਹ ਵੀ ਕਿਹਾ, "ਤੁਸੀਂ ਉਡੀਕ ਕਰਨ ਲਈ ਮੁੜੇ।" ਉਹ ਯਿਸੂ ਦੀ ਉਡੀਕ ਕਰਨ ਲਈ ਮੁੜੇ ਜਿਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਸੀ। ਕੀ ਉਹ ਪੌਲੁਸ ਦੀ ਇੱਕ ਵਿਸ਼ੇਸ਼ਤਾ ਨਹੀਂ ਹੈ? ਫਿਰ ਵੀ, ਚੇਤੇ ਕਰੋ ਕਿ ਜਦੋਂ ਪੌਲੁਸ ਨੇ ਕਿਹਾ ਸੀ ਕਿ ਯਿਸੂ ਵਾਪਸ ਆ ਰਿਹਾ ਹੈ, ਉਸ ਨੇ ਸਿਰਫ ਇਹ ਨਹੀਂ ਕਿਹਾ, "ਉਹ ਵਾਪਸ ਆ ਰਿਹਾ ਹੈ" ਅਤੇ ਆਪਣੇ ਸੁਣਨ ਵਾਲਿਆਂ ਨੂੰ ਬਿਨਾਂ ਕਿਸੇ ਸਬੂਤ ਦੇ ਛੱਡ ਦਿੱਤਾ। ਉਸ ਨੇ ਸਬੂਤ ਦਿੱਤਾ ਕਿ ਉਹ ਵਾਪਸ ਆ ਰਿਹਾ ਹੈ। ਰਸੂਲਾਂ ਦੇ ਕਰਤੱਬ 17:30, 31 ਵਿੱਚ ਉਸ ਨੇ ਕਿਹਾ, "ਪਰਮੇਸ਼ੁਰ . . . ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਉਹ ਤੋਬਾ ਕਰਨ ਕਿਉਂ ਜੋ ਉਸ ਨੇ ਇੱਕ ਦਿਨ ਠਹਿਰਾ ਛੱਡਿਆ ਹੈ ਜਿਹ ਦੇ ਵਿੱਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ ਓਸ ਮਨੁੱਖ ਦੇ ਰਾਹੀਂ ਜਿਸ ਨੂੰ ਉਸ ਨੇ ਠਹਿਰਾਇਆ।" ਸਬੂਤ ਕਿੱਥੇ ਹੈ? ਪੌਲੁਸ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, "ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲ ਕੇ ਇਹ ਗੱਲ ਸਭਨਾਂ ਉੱਤੇ ਸਾਬਤ ਕਰ ਦਿੱਤੀ ਹੈ।" ਉਹ ਮਹਾਨ ਪਰਮੁੱਖ ਸੱਚਾਈ ਇਸ ਗੱਲ ਦਾ ਭਰੋਸਾ ਹੈ ਕਿ ਉਹ ਵਾਪਸ ਆ ਰਿਹਾ ਹੈ। ਉਹ ਨੇ ਭਰੋਸਾ ਦਿੱਤਾ ਕਿ ਉਹ ਖਾਲੀ ਕਬਰ ਵਿੱਚੋਂ ਬਾਹਰ ਆਵੇਗਾ। ਇਸ ਲਈ, ਮਸੀਹੀ ਜੀਵਨ ਉਡੀਕ ਕਰਨ ਵਾਲਾ ਜੀਵਨ ਹੈ, ਪਰ ਇਹ ਉਡੀਕਣਾ ਸੁਸਤੀ ਵਾਲਾ ਅਤੇ ਆਲਸ ਵਾਲਾ ਨਹੀਂ ਹੈ। ਇਹ ਗਤੀਸ਼ੀਲ ਅਤੇ ਉਤੇਜਨਾ ਵਾਲਾ ਉਡੀਕਣਾ ਹੈ।

ਇਹ ਸੱਚਾਈ ਕਿ ਅਸੀਂ ਉਸ ਦੀ ਵਾਪਸੀ ਦੀ ਉਡੀਕ ਕਰ ਰਹੇ ਹਾਂ ਸਾਨੂੰ ਭਰੋਸੇ ਨਾਲ ਭਰਪੂਰ ਕੰਮ ਅਤੇ ਸੇਵਾ ਦੇ ਲਈ ਪ੍ਰੇਰਿਤ ਕਰਨ ਵਾਲੀ ਇੱਕ ਕਿਸਮ ਦੀ ਆਤਮਿਕ ਪ੍ਰੇਰਣਾ ਹੈ। ਜਦੋਂ ਅਸੀਂ ਉਡੀਕ ਕਰਦੇ ਹਾਂ, ਅਸੀਂ ਕੰਮ ਕਰਦੇ ਹਾਂ; ਜਦੋਂ ਅਸੀਂ ਉਡੀਕ ਕਰਦੇ ਹਾਂ, ਅਸੀਂ ਸੇਵਾ ਕਰਦੇ ਹਾਂ। ਜਦੋਂ ਅਸੀਂ ਇਸ ਜਾਗਰੁਕਤਾ ਨਾਲ ਹਰ ਦਿਨ ਨੂੰ ਬੜੀ ਉਮੀਦ ਨਾਲ ਸਲਾਮ ਕਰਦੇ ਹਾਂ ਕਿ ਸ਼ਾਇਦ ਇਹੋ ਉਹ "ਦਿਨ" ਹੈ, ਉਹੀ ਜਾਗਰੁਕਤਾ ਸਾਨੂੰ ਸੇਵਾ ਕਰਨ ਦੇ ਲਈ ਹਰਕਤ ਵਿੱਚ ਲਿਆਉਂਦੀ ਹੈ। ਪੌਲੁਸ ਨੇ ਥੱਸਲੁਨੀਕੀਆਂ ਨੂੰ ਕਿਹਾ ਸੀ ਕਿ ਉਹ ਜਿੰਨੀ ਛੇਤੀ ਸੋਚ ਸਕਦੇ ਹਨ ਮਸੀਹ ਓਨੀ ਛੇਤੀ ਵਾਪਸ ਆ ਰਿਹਾ ਸੀ। ਮਸੀਹ ਦੇ

ਆਉਣ ਦੀ ਉਡੀਕ ਕਰਦੇ ਹੋਏ ਸਭ ਤੋਂ ਉੱਤਮ ਗੱਲ ਜੋ ਉਹ ਕਰ ਸਕਦੇ ਸਨ ਉਹ ਇਹ ਸੀ ਕਿ ਉਹ ਆਪਣੇ ਕੰਮ ਕਰਨ ਵਾਲੀ ਥਾਂ ਤੇ ਕੰਮ ਕਰਦੇ ਰਹਿਣ।

*ਸਿੱਟਾ।* ਥੱਸਲੁਨੀਕੇ ਦੇ ਲੋਕ ਕਿਵੇਂ ਮਸੀਹੀ ਬਣੇ ਸਨ? "ਓਹ ਤਾਂ ਆਪ ਦੱਸਦੇ ਹਨ ... ਤੁਸੀਂ ਕਿਵੇਂ ਮੂਰਤੀਆਂ ਨੂੰ ਛੱਡ ਕੇ ਪਰਮੇਸ਼ੁਰ ਦੀ ਵੱਲ ਮੁੜੇ ਭਈ ਸਤ ਸ੍ਰੀ ਅਕਾਲ ਪਰਮੇਸ਼ੁਰ ਦੀ ਸੇਵਾ ਕਰੋ ਅਤੇ ਉਹ ਦੇ ਪੁੱਤ੍ਰ ਦੇ ਸੁਰਗੋਂ ਆਉਣ ਦੀ ਉਡੀਕ ਕਰੋ ਜਿਸ ਨੂੰ ਓਨ ਮੁਰਦਿਆਂ ਵਿੱਚੋਂ ਜਿਵਾਲਿਆ ਅਰਥਾਤ ਯਿਸੂ ਦੀ ਜਿਹੜਾ ਸਾਨੂੰ ਆਉਣ ਵਾਲੇ ਕ੍ਰੋਧ ਤੋਂ ਬਚਾ ਲੈਂਦਾ ਹੈ" (1 ਥੱਸਲੁਨੀਕੀਆਂ 1:9, 10)। ਉਹ ਮੂਰਤੀਆਂ ਵੱਲੋਂ ਮੁੜੇ ਸਨ। ਉਹ ਸੱਚੇ ਅਤੇ ਜੀਉਂਦੇ ਪਰਮੇਸ਼ੁਰ ਦੀ ਸੇਵਾ ਕਰਨ ਦੇ ਲਈ ਮੁੜੇ ਸਨ। ਉਹ ਯਿਸੂ ਦੀ ਵਾਪਸੀ ਦੇ ਲਈ ਉਡੀਕ ਕਰਨ ਵਾਸਤੇ ਮੁੜੇ ਸਨ।

ਯਿਸੂ ਮਸੀਹ ਹੀ ਫ਼ਰਕ ਪੈਦਾ ਕਰਦਾ ਹੈ, ਕਿਉਂਕਿ ਉਸ ਤੋਂ ਬਿਨਾਂ, ਅਸੀਂ ਇੱਕ ਆਸਹੀਣ ਅੰਤ, ਇੱਕ ਆਸਹੀਣ ਕਬਰ, ਇੱਕ ਆਸਹੀਣ ਜੀ ਉੱਠਣ ਅਤੇ ਇੱਕ ਆਸਹੀਣ ਸਦੀਪਕ ਕਾਲ ਦਾ ਸਾਹਮਣਾ ਕਰਦੇ ਹਾਂ; ਉਸ ਦੇ ਨਾਲ ਸਾਡੇ ਕੋਲ ਧਰਤੀ ਅਤੇ ਅਕਾਸ਼ ਦੋਵੇਂ ਹੁੰਦੇ ਹਨ। AM

---

## ਟਿੱਪਣੀਆਂ

[1]ਲੀਓਨ ਮੌਰਿਸ, *ਦ ਫਰਸਟ ਐਂਡ ਸੈਕੰਡ ਏਪਿਸਲਸ ਟੂ ਦ ਥੈਸਾਲੋਨੀਅਨਸ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1959) 47. [2]*ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ* ਵਿੱਚ, ਸੋਧ ਗੇਰਹਾਰਡ ਕਿਟਲ, ਅਨੁਵਾਦ ਅਤੇ ਸੰਪਾ. ਜੀਓਫਰੀ ਡਬਲਿਯੂ ਬਰੋਮਿਲੀ, ਜਿਲਦ 1 (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1964), 44-48 ਵਿਚ ਐਥਲਬਰਟ ਸਟੌਫਰ, "ἀγαπάω"। [3]ਮੌਰਿਸ, 51. [4]ਏ. ਟੀ. ਰੌਬਰਟਸਨ, *ਦੀ ਏਪਿਸਲ ਆਫ਼ ਪੌਲ*, ਜਿਲਦ 4, *ਵਰਡ ਪਿਚਰਸ ਇਨ ਦ ਨਿਊ ਟੈਸਟਾਮੈਂਟ* (ਨੈਸ਼ਵਿਲੇ: ਬਰੋਡਮੈਨ ਪ੍ਰੈਸ, 1931), 9. [5]ਜੇ. ਈ. ਫਰੇਮ, *ਏ ਕਰਿਟੀਕਲ ਐਂਡ ਐਕਸਜੈਟੀਕਲ ਕਮੈਂਟਰੀ ਆਨ ਦੀ ਏਪਿਸਲ ਆਫ਼ ਸੇਂਟ ਪੌਲ ਟੂ ਦ ਥੈਸਾਲੋਨੀਅਨਸ*, ਦੀ ਇੰਟਰਨੈਸ਼ਨਲ ਕਰਿਟੀਕਲ ਕਮੈਂਟਰੀ, ਸੰਪਾ. ਚਾਰਲਸ ਔਗਸਟਸ ਬਰਿਗਸ, ਸੈਮੂਏਲ ਰੋਲੇ ਡਰਾਈਵਰ ਅਤੇ ਐਲਫਰੈਡ ਪਲੱਮਰ (ਨਿਊਯਾਰਕ: ਚਾਰਲਸ ਸਕਰਿਬਨਰਸ ਸੰਨਜ਼, 1912; ਰਿਪ੍ਰਿੰਟ, ਐਡਿਨਬਰਗ: ਟੀ. ਐਂਡ ਟੀ. ਕਲਾਰਕ, 1988), 81. [6]ਰੌਬਰਟਸਨ, 12. [7]ਉਸੇ ਸਥਾਨ ਤੇ, 13. [8]ਉਸੇ ਸਥਾਨ ਤੇ, 14. [9]ਉਸੇ ਸਥਾਨ ਤੇ। [10]ਰੇਮੰਡ ਸੀ. ਕੈਲਸੀ, *ਦ ਲੈਟਰਜ਼ ਆਫ਼ ਪੌਲ ਟੂ ਦ ਥੈਸਾਲੋਨੀਅਨਸ*, ਦ ਲਿਵਿੰਗ ਵਰਡ ਕਮੈਂਟਰੀ, ਜਿਲਦ 13 (ਔਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1968), 28.

[11]ਫੈਨੀ ਜੇ. ਕਰੌਸਬੀ, "ਸੇਫ ਇਨ ਦ ਆਮਜ਼ ਆਫ਼ ਜੀਸਸ," *ਸੌਂਗਸ ਆਫ਼ ਦ ਚਰਚ*, ਰਚਨਾ ਅਤੇ ਸੰਪਾ. ਆਲਟਨ ਐਚ. ਹਾਵਰਡ (ਵੈਸਟ ਮੋਨਰੋਏ, ਲੂਸੀਆਨਾ: ਹਾਵਰਡ ਪਬਲਿਸ਼ਿੰਗ ਕੰਪਨੀ, 1977)। [12]ਵਾਲਟਰ ਬਾਉਰ, *ਏ ਗਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਨ ਲਿਟਰੇਚਰ*, ਤੀਜੀ ਜਿਲਦ, ਸੋਧ ਅਤੇ ਸੰਪਾ। ਫਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 2000), 1019-20.